Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 164 Thursday, August 27, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper
THE ONLY DAILY PUNJABI NEWSPAPER
*ਹੁਣ ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਫੈਡਰਲ ਸਰਕਾਰ ਵੱਲੋਂ ਓਨਟਾਰੀਓ ਨੂੰ ਮਿਲੇਗੀ 762 ਮਿਲੀਅਨ ਡਾਲਰ ਦੀ ਮਦਦ



ਓਨਟਾਰੀਓ, 26 ਅਗਸਤ (ਪੋਸਟ ਬਿਊਰੋ) : ਸਤੰਬਰ ਵਿੱਚ ਮੁੜ ਖੁੱਲ੍ਹਣ ਜਾ ਰਹੇ ਸਕੂਲਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਫੈਡਰਲ ਸਰਕਾਰ ਵੱਲੋਂ ਓਨਟਾਰੀਓ ਨੂੰ 762 ਮਿਲੀਅਨ ਡਾਲਰ ਦੀ ਮਦਦ ਮਿਲੇਗੀ।

ਫੈਡਰਲ ਸਰਕਾਰ ਵੱਲੋਂ ਦੇਸ਼ ਭਰ ਵਿੱਚ ਸੇਫ ਰੀਸਟਾਰਟ ਪਲੈਨ ਲਈ ਜਿਹੜੇ 2 ਬਿਲੀਅਨ ਡਾਲਰ ਐਲਾਨੇ ਗਏ ਸਨ ਇਹ ਰਕਮ ਉਸ ਦਾ ਹੀ ਹਿੱਸਾ ਹੈ।

ਓਨਟਾਰੀਓ ਲਈ ਪ੍ਰਤੀ ਵਿਅਕਤੀ ਸ਼ੇਅਰ ਦੋ ਹਿੱਸਿਆਂ ਵਿੱਚ ਡਲਿਵਰ ਕੀਤਾ ਜਾਵੇਗਾ-ਜਿਸ ਵਿੱਚ ਸਤੰਬਰ ਵਿੱਚ ਬੈਕ ਟੂ ਸਕੂਲ ਪਲੈਨ ਲਈ 381 ਮਿਲੀਅਨ ਡਾਲਰ ਤੇ ਸੰਭਾਵੀ ਤੌਰ ਉੱਤੇ ਵਾਇਰਸ ਦੀ ਜਨਵਰੀ ਵਿੱਚ ਆਉਣ ਵਾਲੀ ਦੂਜੀ ਵੇਵ ਦੌਰਾਨ ਉਦੋਂ ਦਿੱਤਾ ਜਾਵੇਗਾ। ਇਹ ਰਕਮ ਸਕੂਲਾਂ ਲਈ ਵਾਧੂ ਜੈਨੀਟਰਜ਼, ਪਬਲਿਕ ਹੈਲਥ ਨਰਸਾਂ, ਅਧਿਆਪਕਾਂ ਦੀਆਂ ਸੇਵਾਵਾਂ ਲੈਣ ਤੇ ਸਕੂਲਾਂ ਵਿੱਚ ਸਹੀ ਵੈਂਟੀਲੇਸ਼ਨ ਦਾ ਇੰਤਜ਼ਾਮ ਕਰਨ ਲਈ ਐਚਵੀਏਸੀ ਸਿਸਟਮ ਇਨਸਟਾਲ ਕਰਨ ਲਈ ਖਰਚੀ ਜਾਵੇਗੀ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਓਨਟਾਰੀਓ ਵਿੱਚ ਸਕੂਲਾਂ ਨੂੰ ਸੇਫ ਤੇ ਸਿਹਤਮੰਦ ਰੱਖਣ ਲਈ ਸਾਡੀ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੇ ਨਿਵੇਸ਼ ਵਿੱਚ ਫੈਡਰਲ ਸਰਕਾਰ ਵੱਲੋਂ ਪਾਇਆ ਜਾ ਰਿਹਾ ਇਹ ਯੋਗਦਾਨ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਪ੍ਰੋਵਿੰਸ ਵੱਲੋਂ ਸਕੂਲਾਂ ਨੂੰ ਮੁੜ ਖੋਲ੍ਹਣ ਦੀ ਆਪਣੀ ਯੋਜਨਾ ਲਈ ਪ੍ਰੋਵਿੰਸ ਵੱਲੋਂ 359 ਮਿਲੀਅਨ ਡਾਲਰ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਸਕੂਲ ਬੋਰਡਜ਼ ਨੂੰ ਵੀ ਇਹ ਇਜਾਜ਼ਤ ਦਿੱਤੀ ਗਈ ਹੈ ਕਿ ਉਹ ਕਲਾਸਾਂ ਦਾ ਆਕਾਰ ਘਟਾਉਣ ਲਈ ਵਾਧੂ ਅਧਿਆਪਕਾਂ ਦੀਆਂ ਸੇਵਾਵਾਂ ਲੈਣ ਲਈ ਆਪਣੇ ਰਾਖਵੇਂ ਫੰਡਾਂ ਦੀ ਵਰਤੋਂ ਵੀ ਕਰ ਸਕਦੇ ਹਨ।

ਇਸ ਦੌਰਾਨ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਆਰਥਿਕ ਮਦਦ ਨੂੰ ਸਵੀਕਾਰ ਕਰਕੇ ਪ੍ਰੀਮੀਅਰ ਡੱਗ ਫੋਰਡ ਇਹ ਮੰਨ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਲੋੜੀਂਦਾ ਨਿਵੇਸ਼ ਨਹੀਂ ਕੀਤਾ। ਹੌਰਵਥ ਨੇ ਫੋਰਡ ਤੋਂ ਮੰਗ ਕੀਤੀ ਕਿ ਉਹ ਮਾਪਿਆਂ ਤੇ ਐਜੁਕੇਟਰਜ਼ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਫੈਡਰਲ ਸਰਕਾਰ ਵੱਲੋਂ ਕੀਤੇ ਜਾ ਰਹੇ ਨਿਵੇਸ਼ ਨੂੰ ਦੁੱਗਣਾ ਕਰਨ।

## ਅੱਤਵਾਦੀ ਜਥੇਬੰਦੀ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਵਾਲੀ ਮਹਿਲਾ ਖਿਲਾਫ ਲਾਏ ਗਏ ਚਾਰਜਿਜ਼



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਕਥਿਤ ਤੌਰ ਉਤੇ ਆਈਐਸਆਈਐਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਵਾਲੀ ਟੋਰਾਂਟੋ ਦੀ ਇੱਕ ਮਹਿਲਾ ਖਿਲਾਫ ਅੱਤਵਾਦ ਨਾਲ ਸਬੰਧਤ ਚਾਰਜਿਜ਼ ਲਾਏ ਗਏ ਹਨ।

ਆਰਸੀਐਮਪੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਹਲੀਨਾ ਮੁਸਤਫਾ ਨੂੰ ਕੈਨੇਡਾ ਤੋਂ ਬਾਹਰ ਜਾ ਕੇ ਅੱਤਵਾਦੀ ਜਥੇਬੰਦੀ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਚਾਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਸੰਬਰ ਵਿੱਚ ਇਸ ਮਹਿਲਾ ਦੇ ਪਤੀ ਗੁਐਲਫ, ਓਨਟਾਰੀਓ ਦੇ ਇਕਾਰ ਮਾਓ ਨੂੰ ਵੀ ਅੱਤਵਾਦ ਸਬੰਧੀ ਦੋ ਮਾਮਲਿਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਇਸ ਸਮੇਂ ਵੀ ਹਿਰਾਸਤ ਵਿੱਚ ਹੈ।

ਆਰਸੀਐਮਪੀ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਜੋੜਾ ਦਸ ਮਹੀਨੇ ਪਹਿਲਾਂ ਆਈਐਸਆਈਐਸ ਵਿੱਚ ਸ਼ਾਮਲ ਹੋਣ ਲਈ ਤੁਰਕੀ ਗਿਆ ਸੀ ਤੇ ਇਨ੍ਹਾਂ ਦੋਵਾਂ ਨੂੰ ਇਸ ਟਰਿੱਪ ਦੇ ਸਬੰਧ ਵਿੱਚ ਹੀ ਚਾਰਜ ਕੀਤਾ ਗਿਆ ਹੈ।

## ਕੋਰਚਿੰਸਕੀ ਦੀ ਮੌਤ ਦੇ ਮਾਮਲੇ ਵਿੱਚ ਐਸਆਈਯੂ ਨੇ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਕਲੀਨ ਚਿੱਟ



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਦਾ ਕਹਿਣਾ ਹੈ ਕਿ 29 ਸਾਲਾ ਰੈਜਿਸ ਕੋਰਚਿੰਸਕੀ ਪੈਕੁਏ ਦੀ ਮੌਤ ਦੇ ਸਬੰਧ ਵਿੱਚ ਕਿਸੇ ਵੀ ਪੁਲਿਸ ਅਧਿਕਾਰੀ ਖਿਲਾਫ ਮੁਜਰਮਾਨਾਂ ਕਾਰਵਾਈ ਦਾ ਕੋਈ ਕਾਰਨ ਨਹੀ ਬਣਦਾ।

ਐਸਆਈਯੂ ਨੇ ਆਖਿਆ ਕਿ ਸਬੂਤਾਂ ਦੀ ਪੜਚੋਲ ਕਰਨ ਤੋਂ ਬਾਅਦ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਦੇ ਡਾਇਰੈਕਟਰ ਜੋਸਫ ਮਾਰਟੀਨੋ ਨੇ ਇਹ ਪੁਸ਼ਟੀ ਕੀਤੀ ਹੈ ਕਿ ਪੈਕੁਏ ਦੀ ਮੌਤ ਦੇ ਸਬੰਧ ਵਿੱਚ ਕਿਸੇ ਵੀ ਪੁਲਿਸ ਅਧਿਕਾਰੀ ਵੱਲੋਂ ਮੁਜਰਮਾਨਾਂ ਅਪਰਾਧ ਕਰਨ ਦੇ ਕੋਈ ਸਬੂਤ ਨਹੀਂ ਹਨ। ਐਸਆਈਯੂ ਦਾ ਕਹਿਣਾ ਹੈ ਕਿ ਜਾਂਚ ਵਜੋਂ ਛੇ ਪੁਲਿਸ ਅਧਿਕਾਰੀਆਂ ਦੀ ਇੰਟਰਵਿਊ ਕੀਤੀ ਗਈ, ਇਸ ਦੇ ਨਾਲ ਹੀ 15 ਚਸ਼ਮਦੀਦਾਂ ਤੋਂ ਵੀ ਪੁੱਛ ਗਿੱਛ ਕੀਤੀ ਗਈ। ਇੱਥੋਂ ਤੱਕ ਕਿ ਕੋਰਚਿੰਸਕੀ ਦੀ ਮਾਂ ਤੇ ਭਰਾ ਤੋਂ ਵੀ ਪੁੱਛਗਿੱਛ ਕੀਤੀ ਗਈ, ਜੋ ਕਿ ਉਸ ਸਮੇਂ ਉਸ ਇਲਾਕੇ ਵਿੱਚ ਹੀ ਮੌਜੂਦ ਸਨ।

ਕੋਰਚਿੰਸਕੀ ਦੇ ਪਿਤਾ ਤੋਂ ਬਿਆਨ ਲਿਆ ਗਿਆ, ਜਿਨ੍ਹਾਂ ਨਾਲ ਉਹ ਬਿਲਡਿੰਗ ਤੋਂ ਡਿੱਗਣ ਤੋਂ ਪਹਿਲਾਂ ਫੋਨ ਉਤੇ ਗੱਲ ਕਰ ਰਹੀ ਸੀ। ਜ਼ਿਕਰਯੋਗ ਹੈ ਕਿ ਟੋਰਾਂਟੋ ਦੀ ਇਸ ਮਹਿਲਾ ਦੀ 27 ਮਈ ਨੂੰ ਆਪਣੇ ਅਪਾਰਟਮੈਂਟ ਦੀ 24ਵੀਂ ਮੰਜ਼ਿਲ ਦੀ ਬਾਲਕਨੀ ਤੋਂ ਡਿੱਗਣ ਕਾਰਨ ਮੌਤ ਹੋ ਗਈ ਸੀ। ਪੁਲਿਸ ਨੂੰ ਵੀ ਉਸ ਦੇ ਘਰ ਸੱਦਿਆ ਗਿਆ ਸੀ। ਬਾਅਦ ਵਿੱਚ ਇਹ ਚਰਚਾ ਚੱਲ ਪਈ ਕਿ ਪੁਲਿਸ ਵੱਲੋਂ ਹੀ ਕੋਰਚਿੰਸਕੀ ਨੂੰ ਬਾਲਕਨੀ ਵਿੱਚੋਂ ਧੱਕਾ ਦਿੱਤਾ ਗਿਆ।

## ਸਾਡੇ ਨਾਲ ਸਬੰਧ ਸੁਧਾਰਨ ਲਈ ਪਹਿਲ ਕਰੇ ਕੈਨੇਡਾ : ਚੀਨ



ਓਟਵਾ, 26 ਅਗਸਤ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਵੱਲੋਂ ਪਿੱਛੇ ਜਿਹੇ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਨੂੰ ਰਿਹਾਅ ਕੀਤੇ ਜਾਣ ਦੀ ਕੀਤੀ ਗਈ ਮੰਗ ਨੂੰ ਬੀਜਿੰਗ ਵੱਲੋਂ ਠੁਕਰਾ ਦਿੱਤਾ ਗਿਆ। ਚੀਨ ਦਾ ਕਹਿਣਾ ਹੈ ਕਿ ਜੇ ਕੈਨੇਡਾ ਆਪਣੇ ਦੋਵਾਂ ਨਾਗਰਿਕਾਂ ਦੀ ਰਿਹਾਈ ਚਾਹੁੰਦਾ ਹੈ ਤਾਂ ਉਸ ਨੂੰ ਪਹਿਲ ਕਰਨੀ ਹੋਵੇਗੀ।

ਸ਼ੈਂਪੇਨ ਵੱਲੋਂ ਰੋਮ ਵਿੱਚ ਆਪਣੇ ਹਮਰੁਤਬਾ ਚੀਨੀ ਅਧਿਕਾਰੀ ਵੈਂਗ ਯੀ ਨਾਲ ਮੀਟਿੰਗ ਦੌਰਾਨ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਤੇ ਕਾਰੋਬਾਰੀ ਮਾਈਕਲ ਸਪੇਵਰ ਦਾ ਮੁੱਦਾ ਉਠਾਇਆ ਗਿਆ ਸੀ। ਕੈਨੇਡੀਅਨ ਮੰਤਰੀ ਕਈ ਦੇਸ਼ਾਂ ਦੇ ਦੌਰੇ ਦੌਰਾਨ ਰੋਮ ਗਏ ਸਨ। ਜ਼ਿਕਰਯੋਗ ਹੈ ਕਿ ਚੀਨ ਦੀ ਟੈਲੀਕੌਮ ਕੰਪਨੀ ਹੁਆਵੇ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਹੀ ਦੋਵਾਂ ਕੈਨੇਡੀਅਨ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਂਗ ਫਰੌਡ ਦੇ ਚਾਰਜਿਜ਼ ਵਿੱਚ ਅਮਰੀਕਾ ਵਿੱਚ ਵਾਂਟਿਡ ਸੀ।

ਮੈਂਗ, ਜਿਸ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ, ਦੀ ਅਮਰੀਕਾ ਨੂੰ ਇਸ ਸਮੇਂ ਸੰਭਾਵੀ ਹਵਾਲਗੀ ਕਰਨ ਦੀ ਤਿਆਰੀ ਚੱਲ ਰਹੀ ਹੈ। ਦੂਜੇ ਪਾਸੇ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਓ ਲਿਜ਼ੀਆਨ ਨੇ ਬੁੱਧਵਾਰ ਨੂੰ ਬੀਜਿੰਗ ਵਿੱਚ ਕੀਤੀ ਨਿਊਜ਼ ਕਾਨਫਰੰਸ ਦੌਰਾਨ ਆਖਿਆ ਕਿ ਉਹ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦੇ ਹਨ ਕਿ ਚੀਨ ਤੇ ਕੈਨੇਡਾ ਦਰਮਿਆਨ ਵਿਗੜੇ ਰਿਸ਼ਤਿਆਂ ਲਈ ਚੀਨ ਜ਼ਿੰਮੇਵਾਰ ਨਹੀਂ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡੀਅਨਾਂ ਨੂੰ ਸਮੱਸਿਆ ਦੀ ਜੜ੍ਹ ਦਾ ਪਤਾ ਹੈ। ਇਸ ਲਈ ਆਪਣੀ ਗਲਤੀ ਸੁਧਾਰਨ ਦਾ ਇਹ ਸਹੀ ਮੌਕਾ ਹੈ ਤੇ ਗਲਤੀਆਂ ਨੂੰ ਠੀਕ ਕਰਨ ਅਤੇ ਦੁਵੱਲੇ ਸਬੰਧਾਂ ਨੂੰ ਮੁੜ ਲੀਹ ਉਤੇ ਲਿਆਉਣ ਲਈ ਉਨ੍ਹਾਂ ਨੂੰ ਪਹਿਲ ਕਰਨੀ ਹੋਵੇਗੀ।

## ਕੈਬੇਜਟਾਊਨ ਵਿੱਚ ਛੁਰੇਬਾਜ਼ੀ ਕਾਰਨ ਇੱਕ ਮਹਿਲਾ ਦੀ ਮੌਤ



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਕੈਬੇਜਟਾਊਨ ਕਨਵੀਨੀਐਂਸ ਸਟੋਰ ਵਿੱਚ ਜਿਸ 30 ਸਾਲਾ ਮਹਿਲਾ ਨੂੰ ਚਾਕੂ ਮਾਰਿਆ ਗਿਆ ਸੀ, ਉਸ ਦੀ ਮੌਤ ਹੋ ਗਈ। ਇਹ ਘਟਨਾ ਸ਼ੇਰਬੌਰਨ ਤੇ ਡੰਡਸ ਸਟਰੀਟ ਨੇੜੇ ਸਵੇਰੇ 10:00 ਵਜੇ ਵਾਪਰੀ। ਪੁਲਿਸ ਅਧਿਕਾਰੀਆਂ ਨੇ ਇੱਕ ਮਹਿਲਾ ਨੂੰ ਹੱਥ ਵਿੱਚ ਚਾਕੂ ਲੈ ਕੇ ਘੁੰਮਦਿਆਂ ਵੇਖਿਆ। ਜ਼ਖ਼ਮੀ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ।

ਟੋਰਾਂਟੋ ਪੁਲਿਸ ਦੀ ਹੋਮੀਸਾਈਡ ਸਕੁਐਡ ਵੱਲੋਂ ਮਾਮਲੇ ਦੀ ਜਾਂਚ ਦਾ ਕੰਮ ਆਪਣੇ ਹੱਥਾਂ ਵਿੱਚ ਲੈ ਲਿਆ ਗਿਆ ਹੈ। ਇਹ ਛੁਰੇਬਾਜ਼ੀ ਦੀ ਘਟਨਾ ਕਿਉਂ ਵਾਪਰੀ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

You can Place Your Business Here
CALL: 905-793-2202
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਟੀਚਰਜ਼ ਯੂਨੀਅਨਾਂ ਵਰਕਪਲੇਸ ਸੇਫਟੀ ਆਰਡਰਜ਼ ਲਈ ਫੋਰਡ ਸਰਕਾਰ ’ਤੇ ਪਾ ਰਹੀਆਂ ਹਨ ਦਬਾਅ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਸਕੂਲਾਂ ਨੂੰ ਮੁੜ ਖੋਲ੍ਹਣ ਦੇ ਮਾਮਲੇ ਵਿੱਚ ਓਨਟਾਰੀਓ ਦੀਆਂ ਮੁੱਖ ਟੀਚਰਜ਼ ਯੂਨੀਅਨਾਂ ਤੇ ਪ੍ਰੀਮੀਅਰ ਡੱਗ ਫੋਰਡ ਸਰਕਾਰ ਦਰਮਿਆਨ ਬਣੀ ਅਸਿਹਮਤੀ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀ। ਕੱਲ੍ਹ ਯੂਨੀਅਨ ਮੈਂਬਰਾਂ ਨੂੰ ਲਿਖੇ ਪੱਤਰ ਵਿੱਚ ਇਹ ਸੰਕੇਤ ਦਿੱਤਾ ਗਿਆ ਕਿ ਇਹ ਮਾਮਲਾ ਹੁਣ ਪ੍ਰੋਵਿੰਸ ਦੇ ਲੇਬਰ ਬੋਰਡ ਵਿੱਚ ਜਾ ਸਕਦਾ ਹੈ।




190,000 ਅਧਿਆਪਕਾਂ ਤੇ ਐਜੂਕੇਸ਼ਨ ਵਰਕਰਜ਼ (ਜਿਨ੍ਹਾਂ ਦੀ ਇਹ ਯੂਨੀਅਨਾਂ ਨੁਮਾਇੰਦਗੀ ਕਰਦੀਆਂ ਹਨ) ਨੂੰ ਸਾਂਝੇ ਪੱਤਰ ਵਿੱਚ ਯੂਨੀਅਨਾਂ ਨੇ ਆਖਿਆ ਕਿ ਸੋਮਵਾਰ ਨੂੰ ਮੰਤਰੀ ਮੌਂਟੀ ਮੈਕਨੌਟਨ ਨਾਲ ਕੀਤੀ ਮੀਟਿੰਗ ਦਾ ਕੋਈ ਸਕਾਰਾਤਮਕ ਨਤੀਜਾ ਨਹੀਂ ਨਿਕਲਿਆ। ਇੱਥੇ ਦੱਸਣਾ ਬਣਦਾ ਹੈ ਕਿ ਯੂਨੀਅਨਾਂ ਵੱਲੋਂ ਇਹ ਦੋਸ਼ ਲਾਏ ਜਾ ਰਹੇ ਹਨ ਕਿ ਪ੍ਰੋਵਿੰਸ ਦੇ ਸਕੂਲ ਰੀਓਪਨਿੰਗ ਪਲੈਨ ਨਾਲ ਓਕਿਊਪੇਸ਼ਨਲ ਹੈਲਥ ਐਂਡ ਸੇਫਟੀ ਐਕਟ ਦੀ ਉਲੰਘਣਾ ਹੁੰਦੀ ਹੈ।

ਦੀ ਐਸੋਸਿਏਸ਼ਨ ਡੈਸ ਐਨਸੈਗਨੈਨਟੇਸ ਐਂਟ ਡੈਸ ਐਨਸੈਗਨੈਨਟੇਸ ਫਰੈਂਕੋਓਨਟੈਰੀਅਨਜ਼, ਦੀ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ, ਦੀ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਤੇ ਦੀ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਵਰਗੀਆਂ ਯੂਨੀਅਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਲੇਬਰ ਮੰਤਰਾਲੇ ਤੋਂ ਸਕੂਲਾਂ ਵਿੱਚ ਸੇਫਟੀ ਸਬੰਧੀ ਮਾਪਦੰਡ ਕਾਇਮ ਕਰਨ ਲਈ ਵਰਕਪਲੇਸ ਆਰਡਰ ਜਾਰੀ ਕਰਨ ਵਾਸਤੇ ਵੀ ਆਖਿਆ ਗਿਆ ਹੈ।

ਪੱਤਰ ਵਿੱਚ ਇਹ ਵੀ ਆਖਿਆ ਗਿਆ ਕਿ ਯੂਨੀਅਨਾਂ ਵੱਲੋਂ ਮੀਟਿੰਗ ਵਿੱਚ ਲਗਾਤਾਰ ਇਹ ਮੰਗ ਕੀਤੀ ਗਈ ਕਿ ਇਸ ਤਰ੍ਹਾਂ ਦੇ ਮਾਪਦੰਡ ਅਪਨਾਉਣਾ ਨਾ ਸਿਰਫ ਅਧਿਆਪਕਾਂ ਅਤੇ ਐਜੂਕੇਸ਼ਨ ਵਰਕਰਜ਼ ਦੀ ਸੇਫਟੀ ਲਈ ਜ਼ਰੂਰੀ ਹੈ ਸਗੋਂ ਇਹ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੇਫਟੀ ਲਈ ਵੀ ਜ਼ਰੂਰੀ ਹੈ।

# ਬੱਕਜ਼ ਵੱਲੋਂ ਮੈਚ ਦਾ ਬਾਈਕਾਟ ਕਰਨ ਤੋਂ ਬਾਅਦ ਐਨਬੀਏ ਨੇ ਮੁਲਤਵੀ ਕੀਤੀਆਂ ਆਪਣੀਆਂ ਗੇਮਜ਼




ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਵਿਸਕੌਨਸਿਨ ਵਿੱਚ ਜੇਕਬ ਬਲੇਕ ਨਾਂ ਦੇ ਸਿਆਹ ਨਸਲ ਦੇ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀਆਂ ਮਾਰ ਕੇ ਜ਼ਿੰਦਗੀ ਭਰ ਲਈ ਅਪਾਹਜ ਕੀਤੇ ਜਾਣ ਖਿਲਾਫ ਐਨਬੀਏ ਨੇ ਬੁੱਧਵਾਰ ਦੀਆਂ ਆਪਣੀਆਂ ਗੇਮਜ਼ ਮੁਲਤਵੀ ਕਰ ਦਿੱਤੀਆਂ। ਇਸ ਮੁੱਦੇ ਉੱਤੇ ਓਰਲੈਂਡੋ ਮੈਜਿਕ ਨਾਲ ਹੋਣ ਵਾਲੇ ਆਪਣੇ ਮੈਚ ਦਾ ਬਾਈਕਾਟ ਕਰਨ ਵਾਲੀ ਮਿਲਵਾਕੀ ਬੱਕਜ਼ ਐਨਬੀਏ ਦੀ ਪਹਿਲੀ ਟੀਮ ਬਣ ਗਈ ਹੈ।

ਬੱਕਜ਼ ਦੇ ਖਿਡਾਰੀਆਂ ਨੇ ਮੈਚ ਤੋਂ ਠੀਕ ਪਹਿਲਾਂ ਇਹ ਫੈਸਲਾ ਕੀਤਾ ਤੇ ਇਸ ਗੱਲ ਉੱਤੇ ਸਹਿਮਤੀ ਬਣਾਈ ਕਿ ਉਹ ਲਾਕਰ ਰੂਮ ਨਹੀਂ ਛੱਡਣਗੇ। ਓਰਲੈਂਡੋ ਵਿੱਚ ਟੀਮ ਦੇ ਲਾਕਰ ਰੂਮ ਦੇ ਬਾਹਰ ਕਾਫੀ ਤਣਾਅਭਰਪੂਰ ਮਾਹੌਲ ਬਣਨ ਦੀਆਂ ਰਿਪੋਰਟਾਂ ਵੀ ਆਈਆਂ। ਦੂਜੇ ਪਾਸੇ ਐਨਬੀਏ ਤੇ ਟੀਮ ਅਧਿਕਾਰੀ ਇਸ ਸਾਰੇ ਮਾਮਲੇ ਨੂੰ ਲੈ ਕੇ ਭੰਬਲਭੂਸੇ ਵਾਲੀ ਸਥਿਤੀ ਵਿੱਚ ਸਨ। ਮੈਜਿਕ ਦੀ ਟੀਮ ਸਹੀ ਟਾਈਮ ਉੱਤੇ ਫਲੋਰ ਉੱਤੇ ਵਾਰਮ-ਅੱਪਜ਼ ਲਈ ਪਹੁੰਚੀ ਪਰ ਜਦੋਂ ਬੱਕਜ਼ ਨਹੀਂ ਆਏ ਤਾਂ ਮੈਜਿਕ ਦੀ ਟੀਮ ਵੀ ਉੱਥੋਂ ਚਲੀ ਗਈ।

ਬੱਕਜ਼ ਵੱਲੋਂ ਇੱਕ ਬਿਆਨ ਜਾਰੀ ਕਰਕੇ ਆਖਿਆ ਗਿਆ ਹੈ ਕਿ ਅਸੀਂ ਆਪਣੇ ਖਿਡਾਰੀਆਂ ਤੇ ਉਨ੍ਹਾਂ ਵੱਲੋਂ ਲਏ ਗਏ ਫੈਸਲੇ ਦੇ ਨਾਲ ਹਾਂ। ਇਹ ਵੀ ਆਖਿਆ ਗਿਆ ਕਿ ਸਾਡੇ ਸਾਹਮਣੇ ਹੋ ਰਹੇ ਅਨਿਆਂ ਨੂੰ ਰੋਕਣ ਤੇ ਤਬਦੀਲੀ ਲਿਆਉਣ ਦਾ ਇੱਕੋ ਰਾਹ ਇਹ ਹੈ ਕਿ ਉਸ ਅਨਿਆਂ ਉੱਤੇ ਰੋਸ਼ਨੀ ਪਾਈ ਜਾਵੇ। ਇੱਥੇ ਦੱਸਣਾ ਬਣਦਾ ਹੈ ਕਿ ਬੁੱਧਵਾਰ ਨੂੰ ਹਿਊਸਟਨ ਰਾਕੇਟਜ਼ ਤੇ ਓਕਲਾਹੋਮਾ ਸਿਟੀ ਥੰਡਰ ਦੇ ਨਾਲ ਨਾਲ ਲਾਸ ਏਂਜਲਸ ਲੇਕਰਜ਼ ਤੇ ਪੋਰਟਲੈਂਡ ਟਰੇਲਬਲੇਜ਼ਰਜ਼ ਨੇ ਵੀ ਆਪਣੀਆਂ ਗੇਮਜ਼ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ।

## 19 ਘੰਟੇ ਮਲਬੇ ’ਚ ਦੱਬਿਆ ਰਿਹਾ ਬੱਚਾ ਜ਼ਿੰਦਾ ਨਿਕਲਿਆ

ਮੁੰਬਈ, 26 ਅਗਸਤ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿੱਚ ਪੰਜ ਮੰਜ਼ਿਲਾ ਰਿਹਾਇਸ਼ੀ ਇਮਾਰਤ ਦੇ ਮਲਬੇ ਵਿੱਚੋਂ ਬਚਾਅ ਕਾਰਜ ਚੱਲਦੇ ਦੌਰਾਨ ਚਾਰ ਸਾਲ ਦੇ ਇੱਕ ਬੱਚੇ ਨੂੰ ਜ਼ਿੰਦਾ ਬਚਾ ਲਿਆ ਗਿਆ। 19 ਘੰਟਿਆਂ ਤੱਕ ਮਲਬੇ ਦੇ ਅੰਦਰ ਰਹਿਣ ਤੋਂ ਬਾਅਦ ਮੁਹੰਮਦ ਨਦੀਮ ਨੂੰ ਐਨ ਡੀ ਆਰ ਐਫ ਦੇ ਜਵਾਨਾਂ ਨੇ ਐਂਬੂਲੈਂਸ ਤੱਕ ਪਹੁੰਚਾਇਆ ਜੋ ਉਸ ਨੂੰ ਹਸਪਤਾਲ ਲੈ ਗਈ ਅਤੇ ਬੱਚਾ ਠੀਕ-ਠਾਕ ਹੈ।

ਇਸ ਬਾਰੇ ਵਿੱਚ ਐਨ ਡੀ ਆਰ ਐਫ ਨੇ ਇੱਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਬੱਚੇ ਨੂੰ ਮਲਬੇ ਤੋਂ ਕੱਢ ਕੇ ਉਸ ਨੂੰ ਸਟ੍ਰੇਚਰ ’ਤੇ ਰੱਖਦੇ ਦਿਖਾਇਆ ਗਿਆ ਹੈ। ਐਨ ਡੀ ਆਰ ਐਫ ਦੇ ਡਾਇਰੈਕਟਰ ਜਨਰਲ ਐਸ ਐਨ ਪ੍ਰਧਾਨ ਨੇ ਲੜਕੇ ਨੂੰ ਭਗਵਾਨ ਦਾ ਪੁੱਤਰ ਦੱਸਿਆ। ਬੱਚੇ ਦੇ ਜ਼ਿੰਦਾ ਮਿਲਣ ਦੀ ਖ਼ੁਸ਼ੀ ਜ਼ਿਆਦਾ ਦੇਰ ਤੱਕ ਨਹੀਂ ਟਿਕੀ, ਕਿਉਂਕਿ ਅੱਧੇ ਘੰਟੇ ਵਿੱਚ ਉਸੇ ਥਾਂ ਤੋਂ ਉਸ ਦੀ 30 ਸਾਲਾ ਮਾਂ ਨੌਸ਼ੀਨ ਨਦੀਮ ਬੰਗੀ ਦੀ ਲਾਸ਼ ਮਿਲ ਗਈ। ਹਾਦਸੇ ਵਿੱਚ ਬੱਚੇ ਦੀਆਂ ਦੋ ਭੈਣਾਂ ਆਇਸ਼ਾ (7) ਅਤੇ ਰੁਕੈਯਾ (2) ਦੀਆਂ ਲਾਸ਼ਾਂ ਵੀ ਕੁਝ ਦੇਰ ਬਾਅਦ ਬਰਾਮਦ ਕੀਤੀਆਂ ਗਈਆਂ। ਲੜਕੇ ਦੇ ਪਿਤਾ ਨਦੀਮ ਬੰਗੀ ਦੁਬਈ ਵਿੱਚ ਕੰਮ ਕਰਦੇ ਹਨ ਤੇ ਕੱਲ੍ਹ ਦੁਪਹਿਰ ਉਹ ਮਹਾੜ ਪਹੁੰਚ ਗਏ।

## ਪੁਲਿਸ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਚਲਾਈਆਂ ਗੋਲੀਆਂ ਕਾਰਨ 2 ਵਿਅਕਤੀਆਂ ਦੀ ਹੋਈ ਮੌਤ

ਵਿਸਕੌਂਸਿਨ, 26 ਅਗਸਤ (ਪੋਸਟ ਬਿਊਰੋ) : ਜੇਕਬ ਬਲੇਕ ਨਾਂ ਦੇ ਸਿਆਹ ਨਸਲ ਦੇ ਇੱਕ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀਆਂ ਨਾਲ ਛਲਣੀ ਕਰਕੇ ਜ਼ਿੰਦਗੀ ਭਰ ਲਈ ਅਪਾਹਜ ਕਰਨ ਖਿਲਾਫ ਜਾਰੀ ਰੋਸ ਮੁਜ਼ਾਹਰਿਆਂ ਦੀ ਤੀਜੀ ਰਾਤ ਤਿੰਨ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ, ਜਿਨ੍ਹਾਂ ਵਿੱਚੋਂ ਦੋ ਦੀ ਮੌਤ ਹੋ ਗਈ। ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਤੇ ਰਬੜ ਦੀਆਂ ਗੋਲੀਆਂ ਵੀ ਚਲਾਈਆਂ ਗਈਆਂ।



ਕੈਨੋਸ਼ਾ ਕਾਊਂਟੀ ਦੇ ਸ਼ੈਰਿਫ ਡੇਵਿਡ ਬੈੱਥ ਨੇ ਆਖਿਆ ਕਿ ਗੈਸ ਸਟੇਸ਼ਨ ਦੇ ਕੋਲ ਤਿੰਨ ਵਿਅਕਤੀਆਂ ਨੂੰ ਗੋਲੀ ਲੱਗੀ। ਇਸ ਗੋਲੀਕਾਂਡ ਦੀ ਜਾਂਚ ਲਈ ਐਫਬੀਆਈ ਨੂੰ ਸੱਦਿਆ ਗਿਆ। ਇਸ ਤੋਂ ਇਲਾਵਾ ਕਈ ਵੀਡੀਓ ਵੀ ਆਨਲਾਈਨ ਸਰਕੂਲੇਟ ਕੀਤੇ ਜਾ ਰਹੇ ਹਨ। ਕੈਨੋਸ਼ਾ ਕੋਰਟਹਾਊਸ ਨੂੰ ਲੋਕਾਂ ਵੱਲੋਂ ਘੇਰਾ ਪਾ ਲਏ ਜਾਣ ਤੋਂ ਬਾਅਦ ਕੱਲ੍ਹ ਰਾਤੀ 8:00 ਵਜੇ ਕਰਫਿਊ ਲਾ ਦਿੱਤਾ ਗਿਆ। ਸਟੇਟ ਆਫ ਐਮਰਜੰਸੀ ਵੀ ਲਾਗੂ ਕੀਤੀ ਗਈ ਹੈ ਤੇ ਇਸ ਦੇ ਸ਼ੁੱਕਰਵਾਰ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਹਫਤੇ ਦੇ ਸ਼ੁਰੂ ਵਿੱਚ ਜੇਕਬ ਬਲੇਕ ਨੂੰ ਪੁਲਿਸ ਵੱਲੋਂ ਕਈ ਗੋਲੀਆਂ ਮਾਰੇ ਜਾਣ ਤੋਂ ਬਾਅਦ ਲੋਕਾਂ ਵੱਲੋਂ ਇੱਥੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ ਗਏ ਸਨ। ਡਾਕਟਰਾਂ ਦਾ ਕਹਿਣਾ ਹੈ ਕਿ ਬਲੇਕ ਦੀ ਰੀੜ੍ਹ ਦੀ ਹੱਡੀ ਵਿੱਚ ਗੋਲੀਆਂ ਲੱਗਣ ਕਾਰਨ ਉਸ ਦੇ ਧੜ ਦਾ ਹੇਠਲਾ ਹਿੱਸਾ ਸ਼ਾਇਦ ਹੀ ਕੰਮ ਕਰ ਸਕੇ। ਡਾਕਟਰਾਂ ਨੇ ਇਹ ਵੀ ਆਖਿਆ ਕਿ ਉਹ ਸ਼ਾਇਦ ਜ਼ਿੰਦਗੀ ਭਰ ਤੁਰ-ਫਿਰ ਨਾ ਸਕੇ।

# ਆਪਣੇ ਪਤੀ ਦੀ ਗੱਡੀ ਵਿੱਚ ਫਸ ਜਾਣ ਕਾਰਨ ਮਹਿਲਾ ਦੀ ਹੋਈ ਮੌਤ





ਮਾਇਆਮੀ, 26 ਅਗਸਤ (ਪੋਸਟ ਬਿਊਰੋ) : ਗਰਮ ਦੁਪਹਿਰ ਵਿੱਚ ਕਈ ਘੰਟਿਆਂ ਤੱਕ ਆਪਣੇ ਪਤੀ ਦੀ ਗਸ਼ਤ ਕਰਨ ਵਾਲੀ ਗੱਡੀ ਦੇ ਪਿਛਲੇ ਹਿੱਸੇ ਵਿੱਚ ਫਸੀ ਰਹਿਣ ਕਾਰਨ ਫਲੋਰਿਡਾ ਦੇ ਪੁਲਿਸ ਅਧਿਕਾਰੀ ਦੀ ਪਤਨੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

56 ਸਾਲਾ ਕਲਾਰਾ ਪਾਓਲੀਨੋ ਦੀ ਮੌਤ ਨੂੰ ਜਾਂਚਕਾਰ ਹਾਦਸੇ ਵਜੋਂ ਵੇਖ ਰਹੇ ਹਨ। 58 ਸਾਲਾ ਅਰਿਸਟਾਈਡਜ਼ ਪਾਓਲੀਨੋ, ਅੱਧੀ ਰਾਤ ਦੀ ਆਪਣੀ ਸ਼ਿਫਟ ਮੁੱਕਣ ਤੋਂ ਬਾਅਦ ਸ਼ੁੱਕਰਵਾਰ ਦੁਪਹਿਰ ਨੂੰ ਆਪਣੇ ਮਾਇਆਮੀ ਸ਼ੋਰਜ਼ ਸਥਿਤ ਘਰ ਵਿੱਚ ਸੌਂ ਰਿਹਾ ਸੀ। ਕਲਾਰਾ ਪਾਓਲੀਨੋ ਆਪਣੇ ਪਤੀ ਦੀ ਐਸਯੂਵੀ ਦੀ ਪਿਛਲੀ ਸੀਟ ਉੱਤੇ ਕੁੱਝ ਲੱਭਣ ਲਈ ਗਈ ਜਦੋਂ ਕਿਸੇ ਤਰ੍ਹਾਂ ਗੱਡੀ ਦੇ ਦਰਵਾਜ਼ੇ ਬੰਦ ਹੋ ਗਏ ਤੇ ਗੱਡੀ ਦਾ ਸੈਲਫ ਲੌਕ ਮੈਕੇਨਿਜ਼ਮ ਸ਼ੁਰੂ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਪਾਓਲੀਨੋ ਦੇ ਗੱਡੀ ਵਿੱਚ ਫਸੇ ਹੋਣ ਦੌਰਾਨ ਗੱਡੀ ਦੇ ਅੰਦਰਲਾ ਤਾਪਮਾਨ 32 ਡਿਗਰੀ ਸੈਲਸੀਅਸ ਤੱਕ ਅੱਪੜ ਗਿਆ। ਉਹ ਚਾਰ ਘੰਟੇ ਉੱਥੇ ਹੀ ਫਸੀ ਰਹੀ ਤੇ ਫਿਰ ਉਸ ਦੇ ਪਰਿਵਾਰ ਨੂੰ ਉਸ ਦੀ ਲਾਸ਼ ਮਿਲੀ। ਜਾਂਚਕਾਰਾਂ ਨੇ ਅਜੇ ਇਹ ਨਹੀਂ ਦੱਸਿਆ ਹੈ ਕਿ ਉਹ ਗੱਡੀ ਵਿੱਚੋਂ ਕੀ ਲੱਭ ਰਹੀ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਲੰਬੜਦਾਰੀ ਆਹ ਬੰਦੇ ਨੂੰ ਮਿਲੀ ਕਾਹਦੀ,
ਫੈਸਲਾ ਆਪ ਕੋਈ ਹੋਵੇ ਨਾ ਕਰਨ ਬੇਲੀ।
ਫੈਸਲਾ ਕਿਤੇ ਕਰ ਕੇ ਵਰਕੇ ਛਾਪ ਮਗਰੋਂ,
ਜਾਰੀ ਕਰਨ ਲਈ ਸਾਹਮਣੇ ਧਰਨ ਬੇਲੀ।
ਜਦੋਂ ਤੱਕ ਨਹੀਂ ਦਿੱਤਾ ਗਿਆ ਕੰਮ ਹੁੰਦਾ,
ਫੋਨ ਵੀ ਕਰੀ ਜਾਂਦਾ ਟਰਨ-ਟਰਨ ਬੇਲੀ।
ਨਾਂਹ ਕਰਨ ਦੀ ਨਹੀਂ ਗੁੰਜਾਇਸ਼ ਦਿੱਸਦੀ,
ਦਬਕਾ ਵੱਜਿਆ ਹੁੰਦਾ ਨਹੀਂ ਜਰਨ ਬੇਲੀ।
ਓਦਾਂ ਟੌਹਰ ਜਿਹੀ ਬਾਹਰ ਤਾਂ ਬੜੀ ਹੁੰਦੀ,
ਹੋਵੇ ਟਿਕਣ ਨਹੀਂ, ਹੋਵੇ ਨਹੀਂ ਭੱਜ ਬੇਲੀ।
ਇਕੱਲਿਆਂ ਬੈਠ ਇਹ ਸੋਚਦਾ ਹੋਊ ਬੰਦਾ,
ਲੰਬੜਦਾਰੀ ਦਾ ਲਿਆ ਕਿਉਂ ਛੱਜ ਬੇਲੀ।

**ਤੀਸ ਮਾਰ ਖਾਂ**

# ਕੋਰੋਨਾ ਦੌਰਾਨ ਕਰਜ਼ਾ ਕਿਸ਼ਤਾਂ ਦੇ ਮੁੱਦੇ ਤੋਂ ਸੁਪਰੀਮ ਕੋਰਟ ਵਿੱਚ ਮੋਦੀ ਸਰਕਾਰ ਦੀ ਝਾੜ-ਝੰਬ

## * ਕੋਰਟ ਨੇ ਕਿਹਾ: ਸਰਕਾਰ ਰਿਜ਼ਰਵ ਬੈਂਕ ਦੇ ਓਹਲੇ ਲੁਕ ਰਹੀ ਹੈ

ਨਵੀਂ ਦਿੱਲੀ, 26 ਅਗਸਤ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਂਮਾਰੀ ਦੌਰਾਨ ਕਰਜ਼ਾ ਕਿਸ਼ਤਾਂ ਅੱਗੇ ਪਾਉਣਪਿੱਛੋਂ ਵਿਆਜ ਉੱਤੇਵਿਆਜ਼ ਲੈਣ ਨੂੰ ਮਾਫ਼ ਕਰਨ ਬਾਰੇਭਾਰਤਦੀ ਨਰਿੰਦਰ ਮੋਦੀ ਸਰਕਾਰ ਦੀ ਨਾਕਾਮੀ ਦਾ ਸੁਪਰੀਮ ਕੋਰਟ ਨੇ ਨੋਟਿਸ ਲਿਆ ਅਤੇ ਇਕ ਹਫ਼ਤੇ ਵਿੱਚ ਨਜ਼ਰੀਆ ਸਪੱਸ਼ਟ ਕਰਨ ਲਈ ਕਿਹਾ ਹੈ।



ਜਸਟਿਸ ਅਸ਼ੋਕ ਭੂਸ਼ਣ ਦੀ ਪ੍ਰਧਾਨਗੀ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਬਾਰੇ ਅਪਣਾ ਪੱਖਨਹੀਂਦੱਸਿਆ, ਜਦਕਿ ਆਫ਼ਤ ਬਾਰੇ ਕਾਨੂੰਨ ਹੇਠ ਉਸ ਦੇ ਕੋਲ ਅਧਿਕਾਰ ਹਨ ਅਤੇ ਸਰਕਾਰ ਇਸ ਵਕਤਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ)ਦੇ ਓਹਲੇ ਲੁਕਦੀ ਪਈ ਹੈ। ਇਸ ਉੱਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸਰਕਾਰ ਵੱਲੋਂ ਜਵਾਬ ਦੇਣ ਲਈ ਇਕ ਹਫ਼ਤਾ ਸਮਾਂ ਮੰਗਿਆ,ਜੋ ਅਦਾਲਤ ਨੇ ਦੇ ਦਿੱਤਾ। ਮਹਿਤਾ ਨੇ ਕਿਹਾ ਕਿ ਉਹ ਆਰਬੀਆਈ ਮਿਲ ਕੇ ਕੰਮ ਕਰ ਰਹੇ ਹਨ। ਅਦਾਲਤ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਇਹ ਦੱਸੇ ਕਿ ਕੀ ਵਿਆਜ ਉੱਤੇ ਵਾਧੂ ਵਿਆਜ ਲਿਆ ਜਾ ਸਕਦਾ ਹੈ। ਬੈਂਚ ਵਿਚ ਜਸਟਿਸ ਆਰ ਸੁਭਾਸ਼ ਰੈਡੀ ਤੇ ਜਸਟਿਸ ਐਮ ਆਰ ਸ਼ਾਹ ਵੀ ਹਨ। ਸਾਲਿਸਟਰ ਜਨਰਲ ਮਹਿਤਾ ਨੇ ਕਿਹਾ ਕਿ ਸਾਰੀਆਂ ਸਮੱਸਿਆਵਾਂ ਦਾ ਕੋਈ ਆਮ ਹੱਲ ਨਹੀਂ ਹੋ ਸਕਦਾ।

ਪਟੀਸ਼ਨਰ ਵਲੋਂ ਪੇਸ਼ ਵਕੀਲ ਕਪਿਲ ਸਿੱਬਲ ਨੇ ਅਦਾਲਤ ਨੂੰ ਕਿਹਾ ਕਿ ਕਰਜ਼ੇ ਦੀਆਂ ਰੁਕੀਆਂ ਹੋਈਆਂ ਕਿਸ਼ਤਾਂ ਦੀ ਮਿਆਦ 31 ਅਗੱਸਤ ਨੂੰ ਖ਼ਤਮ ਹੋ ਜਾਵੇਗੀ ਅਤੇ ਸਰਕਾਰ ਨੇ ਹਾਲੇ ਕੋਈ ਫੈਸਲਾ ਨਹੀਂ ਕੀਤਾ, ਇਸ ਕਰ ਕੇ ਆਮ ਲੋਕਾਂ ਦੀ ਮੁਸ਼ਕਲ ਵੇਖਦੇ ਹੋਏ ਇਹ ਤਰੀਕ ਹੋਰ ਵਧਾਉਣੀ ਚਾਹੀਦੀ ਹੈ। ਉਨ੍ਹਾ ਕਿਹਾ, 'ਮੈਂ ਸਿਰਫ਼ ਇਹ ਕਹਿ ਰਿਹਾ ਹਾਂ ਕਿ ਜਦੋਂ ਤਕ ਇਨ੍ਹਾਂ ਦਲੀਲਾਂ ਦਾ ਫ਼ੈਸਲਾ ਨਹੀਂ ਹੋ ਜਾਂਦਾ, ਓਦੋਂ ਤਕ ਰੋਕ ਖ਼ਤਮ ਨਹੀਂ ਹੋਣੀ ਚਾਹੀਦੀ।' ਅਦਾਲਤ ਦੀ ਇਹ ਬੈਂਚ ਆਗਰਾ ਦੇ ਗਜੇਂਦਰ ਸ਼ਰਮਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਹੈ, ਜਿਸ ਨੇ ਕਿਹਾ ਹੈ ਕਿ ਰਿਜ਼ਰਵ ਬੈਂਕ ਦੇ 27 ਮਾਰਚ ਦੇ ਨੋਟੀਫ਼ਿਕੇਸ਼ਨ ਵਿਚ ਕਿਸ਼ਤਾਂ ਦੀ ਵਸੂਲੀ ਅੱਗੇ ਪਾਉਣ ਦਾ ਕਰਜ਼ਦਾਰਾਂ ਨੂੰ ਕੋਈ ਠੋਸ ਲਾਭ ਹੀਨਹੀਂ ਹੋਇਆ। ਅਦਾਲਤ ਦੀ ਰਾਏ ਹੈ ਕਿ ਇਸ ਕੇਸ ਵਿਚ ਵਿਆਜ ਤੋਂ ਪੂਰੀ ਛੋਟ ਦਾ ਸਵਾਲ ਨਹੀਂ, ਸਗੋਂ ਇਹ ਬੈਂਕਾਂ ਵੱਲੋਂ ਵਿਆਜ ਉੱਤੇ ਵਿਆਜ ਲਾਉਣ ਦਾ ਮਾਮਲਾ ਹੈ।ਕੇਸ ਦੀ ਅਗਲੀ ਸੁਣਵਾਈ ਇਕ ਸਤੰਬਰ ਨੂੰ ਹੋਵੇਗੀ।

# ਪੰਜਾਬ ਦੇ 3 ਮੰਤਰੀਆਂ ਸਣੇ 23 ਵਿਧਾਇਕ ਕੋਰੋਨਾ ਪਾਜ਼ੀਟਿਵ

## * ਵਿਧਾਨ ਸਭਾ ਅਜਲਾਸ ਲਈ ਮੁਸ਼ਕਲਾਂ ਵਧੀਆਂ

ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਕਰੋਨਾ ਵਾਇਰਸ ਦੀ ਮਹਾਮਾਰੀ ਦਾ ਅਸਰ ਪੰਜਾਬ ਦੇ ਸਿਆਸੀ ਆਗੂਆਂ ਤੱਕ ਵੀ ਬਹੁਤ ਜ਼ੋਰ ਨਾਲ ਪਹੁੰਚਣ ਲੱਗ ਪਿਆ ਹੈ। ਪਿਛਲੇ ਕੁਝਦਿਨਾਂ ਵਿਚ ਇਸ ਰਾਜ ਦੇ ਵੱਡੀ ਗਿਣਤੀ ਸਿਆਸੀ ਆਗੂ ਕੋਰੋਨਾ ਦੀ ਮਾਰ ਹੇਠ ਆਏ ਹਨ। ਪੰਜਾਬ ਵਿਚ ਅੱਜ ਤੱਕ 3 ਮੰਤਰੀਆਂ ਸਣੇ 23 ਵਿਧਾਇਕ ਪਾਜੀਟਿਵ ਆਏ ਦੱਸੇ ਗਏ ਹਨ ਅਤੇ ਇਸ ਨਾਲ ਵਿਧਾਨ ਸਭਾ ਸੈਸ਼ਨ ਲਈ ਵੀ ਮੁਸ਼ਕਲ ਬਣ ਗਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਸੰਵਿਧਾਨਕ ਸਥਿਤੀ ਕਾਰਨ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਅਠਾਈ ਅਗਸਤ ਨੂੰ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਸਾਰੇ ਵਿਧਾਇਕਾਂ ਦਾ ਕੋਰੋਨਾ ਦਾ ਟੈੱਸਟ ਕਰਾਇਆ ਗਿਆ ਤਾਂਪੰਜਾਬ ਵਿੱਚ ਕਈ ਸਿਆਸੀ ਆਗੂਆਂ ਦੀ ਰਿਪੋਰਟ ਪਾਜ਼ਿਟਿਵ ਆ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਵਕਤ ਤੱਕ ਪੰਜਾਬ ਦੇ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸੁਖਜਿੰਦਰ ਸਿੰਘ ਰੰਧਾਵਾ, ਸੁੰਦਰ ਸ਼ਿਆਮ ਅਰੋੜਾ, ਡਿਪਟੀ ਸਪੀਕਰ ਵਿਧਾਨ ਸਭਾਅਜਾਇਬ ਸਿੰਘ ਭੱਟੀ ਤੇ ਵਿਧਾਇਕਾਂ ਵਿੱਚੋਂ ਹਰਦਿਆਲ ਸਿੰਘ ਕੰਬੋਜ ਰਾਜਪੁਰਾ, ਪ੍ਰਗਟ ਸਿੰਘ ਜਲੰਧਰ ਕੈਂਟ, ਸੰਜੀਵ ਤਲਵਾੜ ਲੁਧਿਆਣਾ (ਪੂਰਬੀ), ਨਾਜ਼ਰ ਸਿੰਘ ਮਾਨਸਾ, ਹਰਿੰਦਰਪਾਲ ਸਿੰਘ ਚੰਦੂਮਾਜਰਾ ਹਲਕਾ ਸਨੌਰ, ਮਨਪ੍ਰੀਤ ਸਿੰਘ ਅਯਾਲੀ ਦਾਖਾ, ਐਨ ਕੇ ਸ਼ਰਮਾ ਡੇਰਾਬਸੀ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਮੁਕਤਸਰ ਸਾਹਿਬ, ਗੁਰਪ੍ਰਤਾਪ ਸਿੰਘ ਵਡਾਲਾ ਨਕੋਦਰ, ਮਨਜੀਤ ਸਿੰਘ ਬਿਲਾਸਪੁਰ ਨਿਹਾਲ ਸਿੰਘ ਵਾਲਾ, ਕੁਲਵੰਤ ਸਿੰਘ ਪੰਡੋਰੀ ਹਲਕਾ ਮਹਿਲ ਕਲਾਂ, ਮਦਨ ਲਾਲ ਘਨੌਰ ਪੀੜਤ ਪਾਏ ਗਏ ਹਨ।

ਇਨ੍ਹਾਂ ਤੋਂ ਇਲਾਵਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ,ਬਲਵਿੰਦਰ ਸਿੰਘ ਧਾਲੀਵਾਲ ਫਗਵਾੜਾ, ਧਰਮਬੀਰ ਅਗਨੀਹੋਤਰੀ ਤਰਨ ਤਾਰਨ, ਅਮਰੀਕ ਸਿੰਘ ਢਿੱਲੋਂ ਸਮਰਾਲਾ,ਅਮਿਤ ਵਿਜ ਪਠਾਨਕੋਟ, ਡਾ:ਹਰਜੋਤ ਕਮਲ ਮੋਗਾ ਤੇਲਖਬੀਰ ਸਿੰਘ ਲੋਧੀਨੰਗਲ ਬਟਾਲਾ ਇਸ ਬਿਮਾਰੀ ਦੀ ਲਾਗ ਤੋਂ ਬਾਅਦ ਠੀਕ ਹੋ ਚੁੱਕੇ ਹਨ।

### ਕੋਰੋਨਾ ਦੌਰਾਨ ਇਮਤਿਹਾਨਾਂ ਦਾ ਮਾਮਲਾ:

# ਕੈਪਟਨ ਨੇ ਐਡਵੋਕੇਟ ਜਨਰਲ ਨੂੰ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਪਾਉਣ ਲਈ ਕਿਹਾ

ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਕੋਵਿਡ ਦੀ ਮਹਾਂਮਾਰੀ ਦੌਰਾਨ ਨੀਟ ਅਤੇ ਜੇ ਈ ਈ ਪ੍ਰੀਖਿਆ ਵਿੱਚ ਕੁਝ ਦਿਨ ਰਹਿੰਦਿਆਂ ਤੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਕਿਹਾ ਹੈ ਕਿ ਵਿਰੋਧੀ ਧਿਰਾਂਦੀਆਂ ਸਰਕਾਰਾਂ ਵਾਲੇ ਰਾਜਾਂ ਦੇ ਵਕੀਲਾਂ ਨਾਲ ਤਾਲਮੇਲ ਕਰ ਕੇ ਸੁਪਰੀਮ ਕੋਰਟ ਵਿੱਚ ਸਾਂਝੀ ਰਿਵਿਊ ਪਟੀਸ਼ਨ ਦਾਇਰ ਕਰ ਕੇ ਪ੍ਰੀਖਿਆਵਾਂ ਅੱਗੇ ਪਾਉਣ ਦੀ ਬੇਨਤੀ ਕੀਤੀ ਜਾਵੇ।



ਵਰਨਣ ਯੋਗ ਹੈ ਕਿ ਮੁੱਖ ਮੰਤਰੀ ਨੇ ਇਹ ਨਿਰਦੇਸ਼ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਵਿਰੋਧੀ ਪਾਰਟੀਆਂ ਦੀ ਸਰਕਾਰ ਵਾਲੇ ਸੱਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਮੀਟਿੰਗ ਤੋਂ ਬਾਅਦ ਦਿੱਤੇ ਹਨ, ਜਿਸ ਵਿੱਚ ਨੀਟ (ਨੈਸ਼ਨਲ ਇਲੀਜੀਬਿਲਟੀ ਕਮ ਐਂਟਰੈਂਸ ਟੈੱਸਟ) ਅਤੇ ਜਾਇੰਟ ਐਂਟਰੈਂਸ ਐਗਜ਼ਾਮੀਨੇਸ਼ਨ (ਜੇ ਈ ਈ)ਤੋਂ ਇਲਾਵਾ ਹੋਰ ਸਾਂਝੇ ਹਿੱਤਾਂ ਦੇ ਮੁੱਦੇ ਵਿਚਾਰੇ ਗਏ ਸਨ। ਇਨ੍ਹਾਂ ਵਿੱਚ ਜੀ ਐਸ ਟੀ ਮੁਆਵਜ਼ਾ ਜਾਰੀ ਹੋਣ ਵਿੱਚ ਦੇਰੀ, ਕੇਂਦਰ ਸਰਕਾਰ ਵੱਲੋਂ ਖੇਤੀ ਆਰਡੀਨੈਂਸ ਅਤੇ ਨਵੀਂ ਸਿੱਖਿਆ ਨੀਤੀ ਸ਼ਾਮਲ ਸਨ, ਜਿਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਨੀਤੀ ਰਾਜਾਂ ਨਾਲ ਵਿਚਾਰ ਕੀਤੇ ਬਿਨਾਂ ਉਨ੍ਹਾਂ ਉੱਤੇ ਥੋਪੀ ਗਈ ਹੈ।

ਨੀਟ ਅਤੇ ਜੇ ਈ ਈ ਦੇ ਮੁੱਦੇ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਬਾਰੇ ਗੱਲਬਾਤ ਲਈ ਪ੍ਰਧਾਨ ਮੰਤਰੀ ਤੋਂ ਸਮਾਂ ਲੈਣ ਦਾ ਵੇਲਾ ਨਹੀਂਰਿਹਾ ਤੇ ਸਭ ਨੂੰ ਇਕੱਠੇ ਹੋ ਕੇ ਇਹ ਪ੍ਰੀਖਿਆ ਅੱਗੇ ਪਾਉਣ ਲਈ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਪ੍ਰੀਖਿਆਵਾਂ ਨਾਲ ਲੱਖਾਂ ਵਿਦਿਆਰਥੀਆਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਰੀ ਦੁਨੀਆ ਵਿੱਚ ਇਮਤਿਹਾਨ ਆਨਲਾਈਨ ਹੋ ਰਹੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਨੀਟ, ਜੇ ਈ ਈ ਅਤੇ ਹੋਰ ਪ੍ਰੋਫੈਸ਼ਨਲ ਟੈੱਸਟ, ਜਿਵੇਂ ਮੈਡੀਕਲ ਅਤੇ ਕਾਨੂੰਨ, ਆਨਲਾਈਨ ਕਰਵਾਏ ਜਾ ਸਕਦੇ ਹਨ, ਵਿਦਿਆਰਥੀਆਂ ਦੀ ਜਾਨ ਨੂੰ ਇਨ੍ਹਾਂ ਟੈੱਸਟਾਂ ਲਈ ਖ਼ਤਰੇ ਵਿੱਚ ਪਾਉਣ ਦੀ ਕੋਈ ਲੋੜ ਨਹੀਂ ਹੈ।

ਇਸ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸੁਝਾਅ ਦਿੱਤਾ ਕਿ ਵਿਰੋਧੀ ਪਾਰਟੀਆਂ ਦੀ ਹਕੂਮਤ ਵਾਲੇ ਰਾਜਾਂ ਦੇ ਸਾਰੇ ਮੁੱਖ ਮੰਤਰੀਆਂ ਦਾ ਵਫਦ ਪ੍ਰਧਾਨ ਮੰਤਰੀ ਨੂੰ ਮਿਲੇ ਅਤੇ ਜੀ ਐਸ ਟੀ ਬਕਾਏ ਅਤੇ ਕੋਵਿਡ ਨਾਲ ਲੜਨ ਲਈ ਮਾਲੀ ਮਦਦ ਦੀ ਮੰਗ ਕਰੇ। ਉਨ੍ਹਾਂ ਕਿਹਾ ਕਿ ਜੀ ਐਸ ਟੀ ਨਾਲਅਸੀਂਟੈਕਸ ਸਿਸਟਮ ਦੇ ਸਾਰੇ ਅਧਿਕਾਰ ਪ੍ਰਧਾਨ ਮੰਤਰੀ ਨੂੰ ਦੇ ਦਿੱਤੇ ਹਨ ਅਤੇ ਓਥੋਂ ਕਿਹਾ ਜਾ ਰਿਹਾ ਹੈ ਕਿ ਸ਼ਾਇਦ ਉਹ ਇਸ ਦੇ ਪੈਸੇ ਦੇਣਤੋਂ ਅਸਮਰੱਥ ਹੋਣਗੇ। ਫਿਰਅਸੀਂਰਾਜਾਂ ਵਿੱਚ ਕੰਮ ਕਿਵੇਂ ਚਲਾਵਾਂਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਵੀਂ ਸਿੱਖਿਆ ਨੀਤੀ ਦੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਤੇ ਵਿੱਤੀ ਹਾਲਤ ਉੱਤੇ ਪੈਂਦੇ ਪ੍ਰਭਾਵਾਂ ਦਾ ਮੁਲੰਕਣ ਲਈ ਕਮੇਟੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਕੌਮੀ ਸਿੱਖਿਆ ਨੀਤੀ ਦਾ ਐਲਾਨ ਕਰਨ ਵੇਲੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਰਾਜਾਂ ਦੇ ਪ੍ਰਬੰਧ ਨੂੰ ਧਿਆਨ ਵਿੱਚ ਨਹੀਂ ਲਿਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸੈਸ਼ਨਤੋਂ ਦੋ ਦਿਨ ਪਹਿਲਾਂ ਇਸ ਰਾਜ ਦੇ 23 ਮੰਤਰੀਤੇ ਵਿਧਾਇਕ ਕੋਵਿਡ ਦੀ ਮਾਰ ਹੇਠ ਆ ਚੁੱਕੇ ਹਨ, ਜੇ ਵਿਧਾਇਕਾਂ ਤੇ ਮੰਤਰੀਆਂ ਦਾ ਇਹ ਹਾਲ ਹੈ ਤਾਂਜ਼ਮੀਨੀ ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਲਈ ਇਹ ਸਮਾਂ ਸਿੱਧੇ ਇਮਤਿਹਾਨ ਲੈਣ ਦਾ ਨਹੀਂ। ਉਨ੍ਹਾ ਦੱਸਿਆ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਲਈ ਲਾਜ਼ਮੀ ਫਾਈਨਲ ਇਮਤਿਹਾਨਾਂ ਬਾਰੇ ਵਾਰ ਵਾਰ ਦਲੀਲਾਂ ਦੇਣ ਤੇ ਯਾਦ ਦਿਵਾਉਣ ਦੇ ਬਾਵਜੂਦ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਉਨ੍ਹਾਂ ਦੀ ਸਰਕਾਰ ਦੀ ਚਿੰਤਾ ਵੱਲ ਧਿਆਨ ਦੇਣ ਵਿੱਚ ਨਾਕਾਮ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲਾਂ ਦੇ ਬੱਚਿਆਂ ਨੂੰ ਪਿਛਲੀ ਰਿਪੋਰਟ ਮੁਤਾਬਕ ਅਗਲੀ ਕਲਾਸ ਵਿੱਚ ਕਰਨ ਦਾ ਪਹਿਲਾ ਫੈਸਲਾ ਲੈ ਲਿਆ ਸੀ। ਉਨ੍ਹਾਂ ਕਿਹਾ, 'ਕੋਵਿਡ ਦੇ ਸਿਖਰ ਉੱਤੇ ਜਾਣ ਦੀ ਸੰਭਾਵਨਾ ਵੇਲੇ ਸਤੰਬਰ ਵਿੱਚ ਅਸੀਂਇਮਤਿਹਾਨ ਕਿਵੇਂ ਕਰਵਾ ਸਕਦੇ ਹਾਂ?ਮੈਂ ਚਾਹੁੰਦਾ ਹਾਂ ਕਿ ਵਿਦਿਆਰਥੀ ਇਮਤਿਹਾਨ ਦੇਣ ਅਤੇ ਪਾਸ ਹੋਣ, ਪਰ ਇਨ੍ਹਾਂ ਨੂੰ ਮੈਂ ਕੋਵਿਡ ਸੰਕਟ ਦੇ ਦੌਰਾਨ ਕਿਵੇਂ ਕਰਵਾ ਸਕਦਾ ਹਾਂ?'


# ਆਸਟਰੇਲੀਆ ਵੱਲੋਂ ਕੋਵਿਡ ਦੀ ਆਜ਼ਾਦ ਜਾਂਚ ਦੀ ਮੰਗ ਨਾਲ ਚੀਨ ਭੜਕਿਆ

## * ਚੀਨੀ ਦੂਤ ਨੇ ਕਿਹਾ: ਸਾਡੇ ਮਾਮਲਿਆਂ ਵਿੱਚ ਦਖਲ ਨਾ ਦਿਓ

ਸਿਡਨੀ, 26 ਅਗਸਤ, (ਪੋਸਟ ਬਿਊਰੋ)- ਆਸਟਰੇਲੀਆ ਵਿਚ ਚੀਨ ਦੇ ਡਿਪਟੀ ਹੈੱਡ ਨੇ ਕਿਹਾ ਹੈ ਕਿ ਆਸਟਰੇਲੀਆ ਦੇ ਅੰਦਰੂਨੀ ਮਾਮਲਿਆਂ ਵਿਚਚੀਨ ਨੇ ਕਦੇ ਦਖਲ ਨਹੀਂ ਦਿੱਤਾ। ਉਸ ਨੇ ਆਸਟਰੇਲੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਵੀ ਚੀਨ ਦੇ ਮਾਮ-ਲਿਆਂ ਵਿਚ ਦਖਲ ਦੇਣਾ ਬੰਦ ਕਰ ਦੇਣ। ਚੀਨੀ ਅੰਬੈਸੀ ਦੇ ਡਿਪਟੀ ਹੈਡ ਆਫ਼ ਮਿਸ਼ਨ, ਵੈਂਗ ਸ਼ਿਨਿੰਗ ਨੇ ਚੀਨ ਤੇ ਆਸਟਰੇਲੀਆ ਵਿਚਾਲੇ ਵਧਦੇ ਤਣਾਅਬਾਰੇਪੱਖ ਪੇਸ਼ ਕਰਦਿਆਂ ਕਿਹਾਕਿ ਸਨਮਾਨ, ਸਦਭਾਵਨਾ, ਨਿਰਪੱਖਤਾ ਅਤੇ ਦੂਰਦਰਸ਼ਿਤਾ ਦੀ ਵਿਆਪਕ, ਰਣਨੀਤਕ ਭਾਈਵਾਲੀ ਸਿੱਧ ਕਰਨ ਦਾ ਸਿਧਾਂਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਅਸੀਂ ਕੁਝ ਗੱਲਾਂ ਉੱਤੇ ਅਸਹਿਮਤ ਹੋ ਸਕਦੇ ਹਾਂ ਤੇ ਇਸ ਗੱਲ ਉੱਤੇ ਵੀ ਸਹਿਮਤ ਨਹੀਂ ਹੋ ਸਕਦੇ ਕਿ ਅਸਹਿਮਤੀ ਕਿਵੇਂ ਪੇਸ਼ ਕਰਨੀ ਚਾਹੀਦੀ ਹੈ, ਪਰ ਭਾਈਵਾਲੀ ਉਦੋਂ ਤੱਕ ਮਤਭੇਦ ਜਾਂ ਅਸਹਿਮਤੀ ਨਾਲ ਖਰਾਬ ਨਹੀਂ ਹੋਵੇਗੀ,ਜਦੋਂ ਤੱਕ ਇਕ ਦੂਸਰੇ ਤੱਕ ਚੰਗੀ ਤਰ੍ਹਾਂ ਪਹੁੰਚਦੇ ਹਾਂ।'

ਪਿਛਲੇ ਹਫਤੇ ਚੀਨ ਨੇ ਆਸਟਰੇਲੀਆਈ ਬੀਫ ਅਤੇ ਜੌਂਅ ਦੇ ਐਕਸਪੋਰਟ ਉੱਤੇ ਪਹਿਲਾਂ ਵਪਾਰਕ ਪਾਬੰਦੀਆਂ ਲਾਉਣਪਿੱਛੋਂ ਆਸਟਰੇਲੀਅਨ ਵਾਈਨ ਡੰਪਿੰਗ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਨੂੰ ਕਾਮਨਵੈੱਲਥ ਸਰਕਾਰ ਦੇ ਵਿਦੇਸ਼ੀ ਦਖਲ ਕਾਨੂੰਨਾਂ ਦੇ ਰੂਪ ਵਿਚ ਬਦਲੇ ਦੀ ਕਾਰਵਾਈ ਸਮਝਿਆ ਗਿਆ ਹੈ। ਇਹ ਹੁਵਾਈ ਉੱਤੇ ਆਸਟਰੇਲੀਆ ਦੇ 5 ਜੀ ਨੈੱਟਵਰਕ ਲਈ ਪਾਬੰਦੀ ਲਾਉਣ ਦੇ ਫੈਸਲੇ ਅਤੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੂੰ ਕੋਵਿਡ-19 ਦੇ ਮੁੱਢਲੇ ਕੇਸ ਦੀ ਆਜ਼ਾਦ ਜਾਂਚ ਲਈ ਪ੍ਰੇਰਿਤ ਕਰਦਾ ਹੈ।

ਅੱਜ ਵੈਂਗ ਤੋਂ ਪੁੱਛਿਆ ਗਿਆ ਕਿ ਚੀਨ ਸਰਕਾਰ ਨੇ ਸਮੀਖਿਆ ਕਰਨ ਦੇ ਸੱਦੇ ਦਾ ਵਿਰੋਧ ਕਿਉਂ ਕੀਤਾ ਤਾਂ ਉਨ੍ਹਾਂ ਕਿਹਾ ਕਿ ਆਸਟਰੇਲੀਆ ਨੇ ਕਦੇ ਚੀਨ ਸਰਕਾਰ ਨਾਲ ਵਿਚਾਰਨਹੀਂ ਕੀਤੀ, ਜਿਸ ਵਿਚ 'ਸ਼ਿਸ਼ਟਾਚਾਰ ਤੇ ਕੂਟਨੀਤੀ' ਦੀ ਘਾਟ ਸੀ।ਉਨ੍ਹਾਂਕਿਹਾ, 'ਉਸ ਸਮੇਂ ਵਿੱਚ ਆਸਟਰੇਲੀਆ ਦੇ ਮੰਤਰੀਆਂ ਨੇ ਦਾਅਵਾ ਕੀਤਾ ਸੀ ਕਿ ਵਾਇਰਸ ਵੁਹਾਨ ਰਾਜਤੋਂ ਆਇਆ ਸੀ, ਉਨ੍ਹਾਂ ਨੇ ਕਿਸੇ ਹੋਰ ਥਾਂ ਵੱਲ ਇਕ ਸਰੋਤ ਵਜੋਂ ਇਸ਼ਾਰਾ ਨਹੀਂ ਕੀਤਾ। ਸਾਨੂੰ ਇਕੱਲੇ ਕਰ ਦਿੱਤਾ ਗਿਆ। ਸਾਨੂੰ ਨਹੀਂ ਲਗਦਾ ਕਿ ਇਹ ਸਹੀ ਹੈ।' ਵੈਂਗ ਇਸ ਗੱਲ ਉੱਤੇ ਸਹਿਮਤ ਨਹੀਂ ਕਿ ਕੋਵਿਡ-19 ਦਾ ਮੁੱਢ ਵੁਹਾਨ ਤੋਂਬੱਝਾ ਸੀ। ਉਨ੍ਹਾਂਦੇ ਕਹਿਣ ਮੁਤਾਬਕ ਸਾਨੂੰ ਇਹ ਗੱਲ ਵਿਗਿਆਨੀਆਂ ਉੱਤੇ ਛੱਡ ਦੇਣੀਚਾਹੀਦੀ ਹੈ।



ਨੈਸ਼ਨਲ ਪ੍ਰੈੱਸ ਕਲੱਬ ਵਿਚ ਵੈਂਗ ਨੇ ਕਿਹਾ ਕਿ ਆਸਟਰੇਲੀਆ ਦੀ ਇਹ ਮੰਗ ਦੁਵੱਲੇ ਸੰਬੰਧਾਂ ਵਿਚ ਵੱਡੀ ਦਰਾੜ ਲਈ ਜ਼ਿੰਮੇਵਾਰ ਮੰਨੀ ਜਾਂਦੀ ਹੈ, ਜਿਸ ਪਿੱਛੋਂ ਚੀਨ ਸਰਕਾਰ ਨੇ ਆਸਟਰੇਲੀਆਈ ਮੰਤਰੀਆਂ ਦੇ ਫੋਨ ਚੁੱਕਣੇ ਬੰਦ ਕਰ ਦਿੱਤੇ ਹਨ ਤੇ ਆਸਟਰੇਲੀਆ ਦਾ ਬੀਫ ਤੇ ਹੋਰ ਸਮਾਨਦੀਖਰੀਦ ਵਿਚ ਰੁਕਾਵਟ ਪਈ ਹੈ।ਆਸਟਰੇਲੀਆ ਵੱਲੋਂ ਕੋਵਿਡ ਦੀ ਜਾਂਚ ਕਰਨ ਦੀ ਮੰਗ ਬਾਰੇ ਵਾਂਗ ਨੇ ਸ਼ੈਕਸਪੀਅਰ ਦੇ ਨਾਟਕ 'ਜੂਲੀਅਸ ਸੀਜਰ' ਦਾ ਜ਼ਿਕਰ ਕੀਤਾ, ਜਿੱਥੇ ਸੀਜਰ ਨੂੰ ਪਤਾ ਚੱਲਦਾ ਹੈ ਕਿ ਉਸ ਦੇਕਤਲ ਦੀ ਸਾਜਿਸ਼ ਕਰਦੇ ਲੋਕਾਂ ਵਿਚ ਉਸ ਦਾ ਦੋਸਤ ਮਾਰਕਸ ਜੂਨੀਅਸ ਬਰੂਟਸ ਵੀ ਹੈ। ਵਾਂਗ ਨੇ ਕਿਹਾ, 'ਇਹ ਕੇਸ ਜੂਲੀਅਸ ਸੀਜਰ ਦੇ ਆਖਰੀ ਦਿਨਾਂ ਵਰਗਾ ਹੈ, ਜਦੋਂ ਉਸ ਨੇ ਬਰੂਟਸ ਨੂੰ ਵੀ ਆਪਣੇ ਵੱਲ ਆਉਂਦਾ ਵੇਖ ਕੇ ਕਿਹਾ ਸੀ: 'ਅਤੇ ਤੂੰ ਵੀ, ਬਰੂਟਸ'।

# ਨਵੀਂ ਨੌਕਰਾਣੀ ਦਾ ਕਾਰਾ: ਕੱਪੜਾ ਕਾਰੋਬਾਰੀ ਅਤੇ ਪਰਿਵਾਰ ਨੂੰ ਨਸ਼ੀਲਾ ਖਾਣਾ ਖੁਆ ਕੇ 60 ਤੋਲੇ ਸੋਨੇ ਦੇ ਗਹਿਣੇ ਅਤੇ ਦੋ ਲੱਖ ਲੁੱਟੇ

ਲੁਧਿਆਣਾ, 26 ਅਗਸਤ (ਪੋਸਟ ਬਿਊਰੋ)- ਕੁਝ ਦਿਨ ਪਹਿਲਾਂ ਰੱਖੀ ਨਵੀਂ ਨੇਪਾਲੀ ਨੌਕਰਾਣੀ ਨੇ ਚੰਡੀਗੜ੍ਹ ਰੋਡ ਉੱਤੇ ਸੈਕਟਰ 39 ਵਿੱਚ ਇਕ ਕੱਪੜਾ ਵਪਾਰੀ, ਉਸ ਦੀ ਪਤਨੀ ਅਤੇ ਬੇਟੇ ਨੂੰ ਖਾਣੇ ਵਿੱਚ ਜ਼ਹਿਰੀਲਾ ਪਦਾਰਥ ਦੇ ਕੇ ਉਨ੍ਹਾਂ ਦੇ ਬੇਹੋਸ਼ ਹੋਣ ਪਿੱਛੋਂ ਘਰ ਵਿੱਚੋਂ ਤਕਰੀਬਨ 60 ਤੋਲੇ ਸੋਨੇ ਦੇ ਗਹਿਣੇ ਅਤੇ ਦੋ ਲੱਖ ਰੁਪਏ ਕੈਸ਼ ਲੁੱਟ ਲਏ। ਕਾਰੋਬਾਰੀ ਦੇ ਵੱਡੇ ਬੇਟੇ ਨੂੰ ਘਰ ਆਉਣ 'ਤੇ ਵਾਰਦਾਤ ਦਾ ਪਤਾ ਲੱਗਾ। ਇਸ ਵਕਤ ਸਾਰਾ ਪਰਿਵਾਰ ਠੀਕ ਹੈ। ਸੂਚਨਾ ਮਿਲਣ 'ਤੇ ਥਾਣਾ ਮੋਤੀ ਨਗਰ ਪੁਲਸ ਮੌਕੇ 'ਤੇ ਗਈ ਅਤੇ ਜਾਂਚ ਸ਼ੁਰੂ ਕੀਤੀ। ਇਸ ਔਰਤ ਨੂੰ ਕਾਰ ਧੋਣ ਵਾਲੇ ਨੇਪਾਲੀ ਨੇ ਕਾਰੋਬਾਰੀ ਦੇ ਘਰ ਵਿੱਚ ਕੰਮ ਉੱਤੇ ਰਖਵਾਇਆ ਸੀ, ਜਿਸ ਬਾਰੇ ਜਾਂਚ ਚੱਲ ਰਹੀ ਹੈ।

# ਪਾਕਿ ਨਾਗਰਿਕ ਦੀ ਮਦਦ ਨਾਲ ਅਸ਼ਲੀਲ ਫ਼ਿਲਮਾਂ ਦਿਖਾਉਂਦੇ ਦੋ ਕਾਬੂ

ਇੰਦੌਰ, 26 ਅਗਸਤ (ਪੋਸਟ ਬਿਊਰੋ)- ਗਾਹਕਾਂ ਤੋਂ ਪੈਸੇ ਵਸੂਲ ਕੇ ਅਸ਼ਲੀਲ ਫ਼ਿਲਮਾਂ ਦਿਖਾਉਣ ਵਾਲੇ ਇੱਕ ਓ ਟੀ ਟੀ ਪਲੇਟਫਾਰਮ ਨੂੰ ਚਲਾਉਣ ਵਾਲੀ ਨਿੱਜੀ ਕੰਪਨੀ ਦੇ ਦੋ ਡਾਇਰੈਕਟਰਾਂ ਨੂੰ ਪੁਲਸ ਦੇ ਸਾਈਬਰ ਦਸਤੇ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਇਸ ਓ ਟੀ ਟੀ ਪਲੇਟਫਾਰਮ ਨੂੰ ਇੱਕ ਪਾਕਿਸਤਾਨੀ ਨਾਗਰਿਕ ਦੇ ਤਕਨੀਕੀ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ ਸੀ।

ਮੱਧ ਪ੍ਰਦੇਸ਼ ਦੇ ਸਟੇਟ ਸਾਈਬਰ ਸੈਲ ਦੀ ਇੰਦੌਰ ਇਕਾਈ ਦੇ ਮੁਖੀ ਜਤਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਇੱਕ ਨਿੱਜੀ ਕੰਪਨੀ ਦੇ ਡਾਇਰੈਕਟਰਾਂ ਦੀਪਕ ਸੈਨੀ (30) ਤੇ ਕੇਸ਼ਵ ਸਿੰਘ (27) ਨੂੰ ਆਈ ਟੀ ਐਕਟ ਦੇ ਨਿਯਮਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਦੋਸ਼ ਹੈ ਕਿ ਉਹ ਅਸ਼ਲੀਲ ਵੀਡੀਓ ਕੰਟੈਂਟ ਬਣਾਉਣ ਵਾਲੇ ਗਿਰੋਹ ਦੇ ਲੋਕਾਂ ਤੋਂ ਅਸ਼ਲੀਲ ਫ਼ਿਲਮਾਂ ਖ਼ਰੀਦਦੇ ਸੀ ਅਤੇ ਇਸ ਨੂੰ ਆਪਣੇ ਓ ਟੀ ਟੀ ਪਲੇਫਾਰਮ ਰਾਹੀਂ ਚਲਾਉਂਦੇ ਸੀ। ਦੋਸ਼ੀਆਂ ਨੇ ਫ੍ਰੀ ਲਾਂਸਰਾਂ ਦੇ ਇੱਕ ਆਨਲਾਈਨ ਨੈਟਵਰਕ ਰਾਹੀਂ ਪਿਛਲੇ ਸਾਲ ਪਾਕਿ-ਸਤਾਨ ਦੇ ਕਿਸੇ ਹੁਸੈਨ ਅਲੀ ਨੂੰ ਆਪਣੇ ਓ ਟੀ ਟੀ ਪਲੇਟਫਾਰਮ ਨੂੰ ਤਕਨੀਕੀ ਰੂਪ ਤੋਂ ਵਿਕਸਿਤ ਕਰਨ ਦਾ ਕੰਮ ਲੱਗਭਗ 20,000 ਭਾਰਤੀ ਰੁਪਏ ਵਿੱਚ ਦਿੱਤਾ ਸੀ।

Paramjit Deol
Broker

CELL: 416-993-7378
7071 Airport Rd, Suit 201, Mississauga, ON

Century 21 Leading Edge Realty Ltd Brokerage* Independently Owned and Operated.

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**


**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

jobs! jobs! jobs! jobs! jobs!

# HELP WANTED

DUNDAS·JAFINE

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

## ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
**647.539.3020**

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca








# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

## ਕਹਾਣੀ

# ਡੇਢ ਟਿਕਟ

-ਅਨੀਤਾ ਕਰਡੇਕਰ-

ਮਹਾਨਗਰ ਦੇ ਉਸ ਆਖਰੀ ਬਸ ਸਟਾਪ 'ਤੇ ਜਿਵੇਂ ਹੀ ਕੰਡਕਟਰ ਨੇ ਬਸ ਰੋਕ ਕੇ ਦਰਵਾਜ਼ਾ ਖੋਲ੍ਹਿਆ, ਹੇਠਾਂ ਖੜ੍ਹੇ ਇੱਕ ਦਿਹਾਤੀ ਬਜ਼ੁਰਗ ਨੇ ਚੜ੍ਹਨ ਲਈ ਹੱਥ ਵਧਾਇਆ। ਇੱਕ ਹੀ ਹੱਥ ਨਾਲ ਸਹਾਰਾ ਲੈ ਕੇ ਡਗਮਗਾਉਂਦੇ ਕਦਮਾਂ ਨਾਲ ਉਹ ਬਸ ਵਿੱਚ ਚੜ੍ਹੇ, ਕਿਉਂਕਿ ਦੂਸਰੇ ਹੱਥ ਵਿੱਚ ਸੀ ਭਗਵਾਨ ਗਣੇਸ਼ ਦੀ ਇੱਕ ਬਹੁਤ ਹੀ ਮਨੋਹਰ ਬਾਲ ਮੂਰਤੀ।

ਪਿੰਡ ਜਾਣ ਵਾਲੀ ਉਸ ਆਖਰੀ ਬਸ ਵਿੱਚ ਪੰਜ-ਛੇ ਸਵਾਰਾਂ ਦੇ ਚੜ੍ਹਨ ਦੇ ਬਾਅਦ ਪੈਰ ਰੱਖਣ ਦੀ ਜਗ੍ਹਾ ਵੀ ਨਹੀਂ ਸੀ। ਬਸ ਚੱਲਣ 'ਤੇ ਹੱਥ 'ਚ ਫੜੀ ਮੂਰਤੀ ਨੂੰ ਸੰਭਾਲਦੇ ਹੋਏ ਉਨ੍ਹਾਂ ਨੂੰ ਸੰਤੁਲਨ ਬਣਾਉਣ ਦੀ ਅਸਫਲ ਕੋਸ਼ਿਸ ਕਰਦੇ ਦੇਖ ਕੇ ਜਦ ਕੰਡਕਟਰ ਨੇ ਆਪਣੀ ਸੀਟ ਖਾਲੀ ਕਰਦੇ ਹੋਏ ਕਿਹਾ ਕਿ ਦਾਦਾ ਤੁਸੀਂ ਇਥੇ ਬੈਠ ਜਾਓ, ਤਾਂ ਉਹ ਉਸ ਮੂਰਤੀ ਨੂੰ ਪੇਟ ਨਾਲ ਲਗਾਉਂਦੇ ਹੋਏ ਆਰਾਮ ਨਾਲ ਉਸ ਸੀਟ 'ਤੇ ਬੈਠ ਗਏ।

ਕੁਝ ਮਿੰਟਾਂ ਵਿੱਚ ਬਾਲ ਗਣੇਸ਼ ਦੀ ਉਹ ਪਿਆਰੀ ਜਿਹੀ ਮੂਰਤੀ ਸਭ ਦੀ ਉਤਸੁਕਤਾ ਅਤੇ ਖਿੱਚ ਦਾ ਕੇਂਦਰ ਬਣ ਗਈ। ਇਕਦਮ ਕੁਝ ਜੋੜੀ ਹੱਥ ਸ਼ਰਧਾ ਵਿੱਚ ਉਸ ਵੱਲ ਜੁੜ ਗਏ। ਕੰਡਕਟਰ ਪਿਛਲੀਆਂ ਸਵਾਰੀਆਂ ਤੋਂ ਟਿਕਟਾਂ ਲੈਂਦਾ ਹੋਇਆ ਦਾਦਾ ਦੇ ਸਾਹਮਣੇ ਆ ਖੜ੍ਹਾ ਹੋਇਆ ਅਤੇ ਪੁੱਛਿਆ, "ਕਿੱਥੇ ਜਾਓ ਦਾਦਾ" ਤਾਂ ਜਵਾਬ ਦਿੰਦੇ ਹੋਏ ਮੂਰਤੀ ਨੂੰ ਥੋੜ੍ਹਾ ਇਧਰ-ਉਧਰ ਕਰ ਕੇ ਉਨ੍ਹਾਂ ਨੇ ਧੋਤੀ ਦੇ ਕਿਨਾਰੇ ਵਿੱਚ ਰੱਖੇ ਪੈਸੇ ਕੱਢਣ ਦੀ ਅਸਫਲ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਪਰੇਸ਼ਾਨ ਹੁੰਦਾ ਦੇਖ ਕੇ ਕੰਡਕਟਰ ਨੇ ਕਿਹਾ, "ਅਜੇ ਰਹਿਣ ਦਿਓ, ਉਤਰਦੇ ਸਮੇਂ ਦੇ ਦੇਣਾ।" ਅਤੇ ਇੱਕ ਵਾਰ ਫਿਰ ਦਾਦਾ ਗਣੇਸ਼ ਦੀ ਮੂਰਤੀ ਨੂੰ ਪੇਟ ਨਾਲ ਲਗਾ ਕੇ ਆਰਾਮ ਨਾਲ ਬੈਠ ਗਏ।

ਬਸ ਰਫਤਾਰ ਫੜ ਚੁੱਕੀ ਸੀ। ਸਭ ਦੀ ਟਿਕਟ ਕੱਟ ਕੇ ਕੰਡਕਟਰ ਇੱਕ ਸੀਟ ਦਾ ਸਹਾਰਾ ਲੈ ਕੇ ਖੜ੍ਹਾ ਹੋ ਗਿਆ ਅਤੇ ਇਕਦਮ ਉਨ੍ਹਾਂ ਤੋਂ ਪੁੱਛ ਬੈਠਾ, "ਦਾਦਾ, ਤੁਹਾਡੇ ਪਿੰਡ ਵਿੱਚ ਵੀ ਗਣੇਸ਼ ਦੀ ਮੂਰਤੀ ਮਿਲਦੀ ਹੋਵੇਗੀ, ਫਿਰ ਇਸ ਉਮਰ ਵਿੱਚ ਦੋ ਘੰਟੇ ਦਾ ਸਫਰ ਅਤੇ ਇੰਨੀ ਭੱਜ-ਦੌੜ ਕਰ ਕੇ ਸ਼ਹਿਰ ਤੋਂ ਗਣੇਸ਼ ਦੀ ਮੂਰਤੀ ਕਿਉਂ ਲਿਜਾ ਰਹੇ ਹੋ?"

ਪ੍ਰਸ਼ਨ ਸੁਣ ਕੇ ਦਾਦਾ ਮੁਸਕਰਾਉਂਦੇ ਹੋਏ ਕਿਹਾ, "ਹਾਂ ਅੱਜਕੱਲ੍ਹ ਤਿਉਹਾਰ ਆਉਂਦੇ ਹੀ ਸਭ ਪਾਸੇ ਦੁਕਾਨਾਂ ਸਜ ਜਾਂਦੀਆਂ ਹਨ, ਪਿੰਡ ਵਿੱਚ ਵੀ ਮਿਲਦੀਆਂ ਹਨ ਮੂਰਤੀਆਂ, ਪਰ ਅਜਿਹੀ ਨਹੀਂ। ਦੇਖ, ਇਹ ਕਿੰਨੀ ਪਿਆਰੀ ਅਤੇ ਜੀਵੰਤ ਲੱਗਦੀ ਹੈ।" ਫਿਰ ਸੰਜੀਦਗੀ ਨਾਲ ਕਹਿਣ ਲੱਗੇ, "ਇਥੋਂ ਮੂਰਤੀ ਲੈ ਜਾਣ ਦੀ ਵੀ ਇੱਕ ਕਹਾਣੀ ਹੈ ਪੁੱਤ। ਦਰਅਸਲ ਸਾਡੀ ਕੋਈ ਸੰਤਾਨ ਨਹੀਂ ਹੈ। ਸਾਰੇ ਇਲਾਜ, ਤੰਤਰ-ਮੰਤਰ ਸਭ ਕੀਤੇ, ਫਿਰ ਨਸੀਬ ਮੰਨ ਕੇ ਸਵੀਕਾਰ ਵੀ ਕਰ ਲਿਆ ਅਤੇ ਕੰਮ-ਧੰਦੇ ਵਿੱਚ ਮਨ ਲਗਾ ਲਿਆ।...

"ਪੰਦਰਾਂ ਸਾਲ ਪਹਿਲਾਂ ਕੰਮ ਦੇ ਸਿਲਸਿਲੇ ਵਿੱਚ ਅਸੀ ਦੋਵੇਂ ਇਸੇ ਸ਼ਹਿਰ ਵਿੱਚ ਆਏ ਸੀ। ਗਣੇਸ਼ ਪੂਜਾ ਦਾ ਤਿਉਹਾਰ ਨੇੜੇ ਸੀ ਤਾਂ ਮੂਰਤੀ ਤੇ ਪੂਜਾ ਦਾ ਸਾਮਾਨ ਖਰੀਦਣ ਇਥੇ ਬਾਜ਼ਾਰ ਗਏ। ਅਚਾਨਕ ਪਤਨੀ ਦੀ ਨਜ਼ਰ ਇਕਦਮ ਅਜਿਹੀ ਇੱਕ ਮੂਰਤੀ 'ਤੇ ਪਈ ਅਤੇ ਉਸ ਦੀ ਮਮਤਾ ਜਾਗ ਪਈ। 'ਮੇਰਾ ਬੱਚਾ' ਕਹਿੰਦੇ ਹੋਏ ਉਸ ਨੇ ਉਸ ਮੂਰਤੀ ਨੂੰ ਸੀਨੇ ਨਾਲ ਲਾ ਲਿਆ। ਸਾਲਾਂ ਦਾ ਦਰਦਾ ਅੱਖਾਂ 'ਚੋਂ ਵਹਿ ਤੁਰਿਆ, ਮੂਰਤੀ ਬਣਾਉਣ ਵਾਲਾ ਵੀ ਇਹ ਦੇਖ ਕੇ ਭਾਵੁਕ ਹੋ ਗਿਆ ਅਤੇ ਮੈਂ ਉਸ ਨੂੰ ਹਰ ਸਾਲ ਇਸੇ ਸਾਂਚੇ ਦੀ ਹੂ-ਬ-ਹੂ ਅਜਿਹੀ ਮੂਰਤੀ ਦੇਣ ਦਾ ਵਾਅਦਾ ਲੈ ਲਿਆ। ਬੱਸ! ਤਦ ਤੋਂ ਇਹ ਸਿਲਸਿਲਾ ਸ਼ੁਰੂ ਹੈ। ਦੋ ਸਾਲ ਪਹਿਲਾਂ ਤੱਕ ਉਹ ਵੀ ਆਉਂਦੀ ਰਹੀ ਆਪਣੇ ਬਾਲ ਗਣੇਸ਼ ਨੂੰ ਲੈਣ, ਪਰ ਹੁਣ ਗੋਡਿਆਂ ਦੇ ਦਰਦ ਕਾਰਨ ਬੇਵੱਸ ਹੈ। ਮੇਰੀ ਵੀ ਉਮਰ ਹੋ ਰਹੀ ਹੈ, ਫਿਰ ਵੀ ਸਿਰਫ ਦਸ ਦਿਨ ਦੇ ਲਈ ਹੀ ਕਿਉਂ ਨਾ ਹੋਵੇ, ਉਸ ਦਾ ਇਹ ਸੁੱਖ ਨਹੀਂ ਖੋਹਣਾ ਚਾਹੁੰਦਾ, ਇਸ ਲਈ ਆਪਣੇ ਬਾਲ ਗਣੇਸ਼ ਨੂੰ ਬੜੇ ਯਤਨ ਨਾਲ ਘਰ ਲੈ ਜਾਂਦਾ ਹਾਂ।"

ਹੁਣ ਤੱਕ ਆਸਪਾਸ ਦੇ ਲੋਕਾਂ ਵਿੱਚ ਕਾਫੀ ਉਤਸੁਕਤਾ ਜਾਗ ਚੁੱਕੀ ਸੀ। ਕੁਝ ਲੋਕ ਆਪਣੀ ਸੀਟ ਤੋਂ ਝਾਕ ਕੇ ਤਾਂ ਕੁਝ ਉਚੇ ਹੋ ਕੇ ਮੂਰਤੀ ਨੂੰ ਦੇਖ ਕੇ ਮੁਸਕਰਾ ਕੇ ਹੱਥ ਜੋੜਨ ਲੱਗੇ। ਤਦ ਪਿਛਲੀ ਸੀਟ 'ਤੇ ਬੈਠੀ ਔਰਤ ਨੇ ਚਿਹਰਾ ਅੱਗੇ ਕਰ ਕੇ ਪੁੱਛਿਆ, "ਦਾਦਾ, ਫਿਰ ਵਿਸਰਜਨ ਨਹੀਂ ਕਰਦੇ ਤੁਸੀਂ ਮੂਰਤੀ ਦਾ?"

ਇੱਕ ਦਰਦ ਭਰੀ ਮੁਸਕਾਨ ਨਾਲ ਦਾਦਾ ਨੇ ਕਿਹਾ, "ਹੁਣ ਭਗਵਾਨ ਦਾ ਸਰੂਪ ਸਥਾਪਤ ਕਰ ਕੇ ਰੀਤੀ-ਰਿਵਾਜ ਨਾਲ ਪੂਜਾ ਕਰਦੇ ਹਾਂ ਤਾਂ ਵਿਸਰਜਨ ਤਾਂ ਕਰਦੇ ਹੀ ਹਾਂ, ਪਰ ਇਸ ਵਿਯੋਗ ਦੇ ਕਾਰਨ ਹੀ ਇਨ੍ਹਾਂ ਦਸ ਦਿਨਾਂ ਵਿੱਚ ਉਸ ਦੇ ਦਿਲ 'ਚੋਂ ਮੰਨੋ ਮਮਤਾ ਦਾ ਦਰਿਆ ਫੁਟ ਪੈਂਦਾ ਹੈ, ਜਿਸ ਵਿੱਚ ਸਾਡਾ ਜੀਵਨ ਬਦਲ ਜਾਂਦਾ ਹੈ। ਹੁਣ ਵੀ ਰੰਗੋਲੀ ਬਣਾ ਕੇ, ਅੰਬ ਦੇ ਪੱਤਿਆਂ ਦੇ ਤੋਰਨ ਨਾਲ ਦਰਵਾਜ਼ਾ ਸਜਾ ਕੇ ਉਥੇ ਰਾਹ ਦੇਖਣ ਬੈਠੀ ਹੋਵੇਗੀ। ਪਹੁੰਚਣ 'ਤੇ ਰਾਈ ਤੇ ਮਿਰਚਾਂ ਦੀ ਧੂਣੀ ਨਾਲ ਨਜ਼ਰ ਉਤਾਰਦੀ ਹੈ। ਪੁੱਛ ਨਾ, ਛੋਟੀ ਜਿਹੀ ਗੜਵੀ, ਗਲਾਸ, ਥਾਲੀ, ਚਮਚ ਸਭ ਹਨ ਸਾਡੇ ਬਾਲ ਗਣੇਸ਼ ਦੇ ਕੋਲ। ਇਹੀ ਨਹੀਂ ਰੰਗ ਬਿਰੰਗੇ ਛੋਟੇ ਕੱਪੜਿਆਂ ਦਾ ਇੱਕ ਬੈਗ ਵੀ ਬਣਾ ਕੇ ਰੱਖਿਆ ਹੈ ਉਸ ਨੇ, ਇਸ ਲਈ ਜਦ ਤੱਕ ਸੰਭਵ ਹੋਵੇ, ਉਸ ਨੂੰ ਇਹ ਸੁੱਖ ਦਿੰਦਾ ਰਹਾਂਗਾ।" ਕਹਿੰਦੇ ਕਹਿੰਦੇ ਉਸ ਦਾ ਗਲਾ ਭਰ ਆਇਆ।

ਇਹ ਸੁਣ ਕੇ ਕਿਸੇ ਦੀਆਂ ਅੱਖਾਂ ਨਮ ਹੋਈਆਂ ਤਾਂ ਕਿਸੇ ਦਾ ਦਿਲ ਕਰੁਣਾ ਨਾਲ ਭਰ ਗਿਆ। ਬੱਸ ਰਫਤਾਰ ਨਾਲ ਅੱਗੇ ਵਧ ਰਹੀ ਸੀ ਅਤੇ ਦਾਦਾ ਦਾ ਪਿੰਡ ਆਉਣ ਵਾਲਾ ਸੀ, ਇਸ ਲਈ ਉਨ੍ਹਾਂ ਨੂੰ ਮੂਰਤੀ ਸੰਭਾਲ ਕੇ ਖੜ੍ਹੇ ਹੁੰਦੇ ਦੇਖ ਨੇੜੇ ਖੜ੍ਹੇ ਵਿਅਕਤੀ ਨੇ ਕਿਹਾ, "ਲਿਆਓ, ਮੂਰਤੀ ਮੈਨੂੰ ਫੜਾ ਦਿਓ" ਤਾਂ ਉਸ ਦੇ ਹੱਥਾਂ ਵਿੱਚ ਮੂਰਤੀ ਨੂੰ ਹੌਲੀ ਜਿਹੇ ਫੜਾ ਕੇ, ਧੋਤੀ ਦੇ ਕਿਨਾਰੇ 'ਚੋਂ ਪੈਸੇ ਕੱਢ ਕੇ ਕੰਡਕਟਰ ਨੂੰ ਦਿੰਦੇ ਹੋਏ ਕਿਹਾ, "ਲੈ ਪੁੱਤ, ਡੇਢ ਟਿਕਟ ਕੱਟੀਂ।" ਇਹ ਸੁਣ ਕੇ ਕੰਡਕਟਰ ਨੇ ਹੈਰਾਨੀ ਨਾਲ ਕਿਹਾ, ਪਰ ਤੁਸੀਂ ਤਾਂ ਇਕੱਲੇ ਆਏ ਹੋ ਨਾ, ਫਿਰ ਇਹ ਡੇਢ ਟਿਕਟ?"

ਦਾਦਾ ਨੇ ਮੁਸਕਰਾਉਂਦੇ ਹੋਏ ਕਿਹਾ, "ਦੋਵੇਂ ਨਹੀਂ ਆਏ ਕੀ? ਇੱਕ ਮੈਂ ਅਤੇ ਇੱਕ ਇਹ ਸਾਡਾ ਬਾਲ ਗਣੇਸ਼।"

ਇਹ ਸੁਣਦੇ ਹੀ ਸਭ ਉਨ੍ਹਾਂ ਵੱਲ ਹੈਰਾਨੀ ਨਾਲ ਦੇਖਣ ਲੱਗੇ। ਲੋਕਾਂ ਦੀ ਦੁਚਿੱਤੀ ਦੂਰ ਕਰਦੇ ਹੋਏ ਉਨ੍ਹਾਂ ਨੂੰ ਫਿਰ ਕਿਹਾ, "ਓ ਉਲਝਣ ਵਿੱਚ ਕਿਉਂ ਪੈ ਗਏ ਓ ਸਾਰੇ! ਜਿਸ ਨੂੰ ਦੇਖ ਕੇ ਸਾਰੇ ਦਾ ਭਾਵ ਜਾਗਿਆ ਉਹ ਕੀ ਕੇਵਲ ਮੂਰਤੀ? ਜਿਸ ਨੂੰ ਭਗਵਾਨ ਮੰਨਦੇ ਹਾਂ, ਪ੍ਰਾਣ-ਪ੍ਰਤਿਸ਼ਠਾ ਕਰਦੇ ਹਾਂ ਉਹ ਕੀ ਕੇਵਲ ਮਿੱਟੀ ਹੈ? ਬਈ ਸਾਡੇ ਤੋਂ ਜ਼ਿਆਦਾ ਜੀਵੰਤ ਹੈ। ਅਸੀਂ ਭਾਵੇਂ ਹੀ ਉਸ ਨੂੰ ਭਗਵਾਨ ਮੰਨ ਕੇ ਉਸ ਤੋਂ ਹਰ ਚੀਜ਼ ਮੰਗ ਲੈਂਦੇਂ ਹਾਂ, ਪਰ ਉਸ ਨੂੰ ਤਾਂ ਸਾਡਾ ਪਿਆਰ ਅਤੇ ਸਾਥ ਹੀ ਚਾਹੀਦੈ।" ਇਹ ਕਹਿੰਦੇ ਹੋਏ ਦਾਦਾ ਦਾ ਗਲਾ ਭਰ ਆਇਆ।

ਉਨ੍ਹਾਂ ਦੀਆਂ ਗੱਲਾਂ ਨੂੰ ਮੰਤਰ ਮੁਗਧ ਹੋ ਕੇ ਸੁਣਦੇ ਕੰਡਕਟਰ ਸਮੇਤ ਸਾਰੇ ਯਾਤਰੀ ਕਰੁਣਾ ਅਤੇ ਮਮਤਾ ਦੇ ਇਸ ਅਨੋਖੇ ਸਾਗਰ ਵਿੱਚ ਗੋਤੇ ਲਾ ਰਹੇ ਸਨ ਕਿ ਉਨ੍ਹਾਂ ਦਾ ਪਿੰਡ ਆ ਗਿਆ ਅਤੇ ਝਟਕੇ ਨਾਲ ਬਸ ਰੁਕ ਗਈ। ਕੰਡਕਟਰ ਨੇ ਡੇਢ ਟਿਕਟ ਦੇ ਪੈਸੇ ਕੱਟ ਕੇ ਬਚੇ ਪੈਸੇ ਅਤੇ ਟਿਕਟ ਉਨ੍ਹਾਂ ਨੂੰ ਫੜਾ ਕੇ ਆਦਰ ਨਾਲ ਦਰਵਾਜ਼ਾ ਖੋਲ੍ਹਿਆ।

ਹੇਠਾਂ ਉਤਰ ਕੇ ਦਾਦਾ ਨੇ ਜਦ ਆਪਣੇ ਬਾਲ ਗਣੇਸ਼ ਦੀ ਮੂਰਤੀ ਨੂੰ ਫੜਨ ਲਈ ਉਸ ਯਾਤਰੀ ਵੱਲ ਹੱਥ ਵਧਾਏ ਤਾਂ ਕੰਡਕਟਰ ਸਮੇਤ ਸਾਰਿਆਂ ਦੇ ਮੂੰਹ 'ਚੋਂ ਇਕਦਮ ਨਿਕਲਿਆ, "ਦੇਖੋ ਦਾਦਾ, ਸੰਭਾਲ ਕੇ" ਅਤੇ ਦਾਦਾ ਕਿਸੇ ਨੰਨ੍ਹੇ ਬੱਚੇ ਦੀ ਤਰ੍ਹਾਂ ਉਸ ਮੂਰਤੀ ਨੂੰ ਦੋਵਾਂ ਹੱਥਾਂ ਵਿੱਚ ਫੜੀ ਤੇਜ਼ ਕਦਮਾਂ ਨਾਲ ਪਗਡੰਡੀ 'ਤੇ ਉਤਰ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## -ਬਿਊਟੀ ਟਿਪਸ-

### ਆਲੂਆਂ ਨਾਲ ਲਿਆਓ ਸਕਿਨ 'ਤੇ ਨਿਖਾਰ

ਆਲੂ ਜਿੱਥੇ ਖਾਣ ਵਿੱਚ ਸੁਆਦੀ ਹੁੰਦੀ ਹੈ, ਉਥੇ ਸਕਿਨ ਲਈ ਵੀ ਫਾਇਦੇਮੰਦ ਹੈ। ਪੇਸ਼ ਹਨ ਇਸ ਦੇ ਟਿਪਸ :

* ਆਲੂ ਦੇ ਛਿਲਕੇ ਨੂੰ ਬਲੈਂਡ ਕਰ ਕੇ ਚਿਹਰੇ 'ਤੇ ਹਲਕੀ ਮਸਾਜ ਕਰਨ ਨਾਲ ਸਕਿਨ ਸਾਫ ਰਹਿੰਦੀ ਹੈ ਅਤੇ ਕਾਲੇ ਧੱਬੇ ਦੂਰ ਹੁੰਦੇ ਹਨ।
* ਆਲੂ ਦੇ ਰਸ ਵਿੱਚ ਇੱਕ ਆਂਡੇ ਦਾ ਸਫੈਦ ਹਿੱਸਾ ਮਿਲਾ ਕੇ ਚਿਹਰੇ 'ਤੇ ਲਗਾਓ ਅਤੇ ਸੁੱਕਣ 'ਤੇ ਧੋ ਲਓ। ਇਸ ਨਾਲ ਚਿਹਰੇ ਦੇ ਰੋਮ ਛੇਕਾਂ ਵਿੱਚ ਕਸਾਅ ਆਉਂਦਾ ਹੈ ਅਤੇ ਤੁਸੀਂ ਜਵਾਨ ਦਿਖਾਈ ਦਿੰਦੇ ਹੋ।
* ਅੱਧੇ ਆਲੂ ਦੇ ਰਸ ਵਿੱਚ ਦੋ ਚਮਚ ਦੁੱਧ ਮਿਲਾਓ ਅਤੇ ਇਸ ਨੂੰ ਰੂੰ ਨਾਲ ਚਿਹਰੇ ਅਤੇ ਗਰਦਨ 'ਤੇ ਲਗਾਓ, ਸੁੱਕਣ 'ਤੇ ਧੋ ਲਓ। ਹਫਤੇ ਵਿੱਚ ਦੋ ਵਾਰ ਅਜਿਹਾ ਕਰਨ ਨਾਲ ਸਕਿਨ ਖਿੜੀ-ਖਿੜੀ ਰਹਿੰਦੀ ਹੈ।
* ਡਾਰਕ ਸਰਕਲਸ ਤੋਂ ਛੁਟਕਾਰਾ ਪਾਉਣ ਦਟ ਲਈ ਆਲੂ ਦੇ ਰਸ ਨੂੰ ਰੂੰ ਵਿੱਚ ਡੁਬੋ ਕੇ ਅੱਖਾਂ ਦੇ ਉਪਰ 10-15 ਮਿੰਟ ਰੱਖੋ। ਜੇ ਚਾਹੋ ਤਾਂ ਆਲੂ ਦੇ ਸਲਾਈਸ ਕੱਟ ਕੇ ਵੀ ਰੱਖ ਸਕਦੇ ਹੋ।
* ਵਾਲਾਂ ਦਾ ਰੁੱਖਾਪਣ ਦੂਰ ਕਰਨ ਦੇ ਲਈ ਆਲੂ ਦੇ ਰਸ ਵਿੱਚ ਐਲੋਵੇਰਾ ਮਿਲਾ ਕੇ ਵਾਲਾਂ ਵਿੱਚ ਲਗਾਓ। ਝੜਦੇ ਵਾਲਾਂ ਦੇ ਲਈ ਆਲੂ ਦੇ ਰਸ ਵਿੱਚ ਸ਼ਹਿਦ ਅਤੇ ਆਂਡੇ ਦਾ ਸਫੇਦ ਹਿੱਸਾ ਮਿਲਾ ਕੇ ਦੋ ਘੰਟੇ ਤੱਕ ਵਾਲਾਂ ਵਿੱਚ ਲਗਾਓ ਅਤੇ ਬਾਅਦ ਵਿੱਚ ਸ਼ੈਂਪੂ ਕਰੋ।

## ਰਸੋਈ: ਡਰਾਈ ਫਰੂਟ ਕਚੌਰੀ

ਸਮੱਗਰੀ-ਇੱਕ ਕੱਪ ਮੈਦਾ, ਚੁਟਕੀ ਭਰ ਅਜਵਾਇਣ, ਚੁਟਕੀ ਭਰ ਹਿੰਙ, ਥੋੜ੍ਹੇ ਜਿਹੇ ਕਿਸ਼ਮਿਸ਼, 10-12 ਬਾਦਾਮ ਤੇ ਕਾਜੂ ਕੱਟੇ ਹੋਏ, ਦੋ-ਦੋ ਚਮਚ ਸ਼ੱਕਰ, ਮੂੰਗਫਲੀ, ਚਿੱਟੇ ਤਿਲ, ਖਸਖਸ ਅਤੇ ਨਾਰੀਅਲ (ਕੱਦੂਕਸ ਕੀਤਾ ਹੋਇਆ), ਇੱਕ ਚਮਚ ਲਾਲ ਮਿਰਚ ਪਾਊਡਰ ਅਤੇ ਸੌਂਫ, ਨਮਕ ਸਵਾਦ ਅਨੁਸਾਰ, ਅੱਧਾ ਮਚ ਅਮਚੂਰ ਪਾਊਡਰ, ਦੋ ਹਰੀਆਂ ਮਿਰਚਾਂ ਕੱਟੀਆਂ ਹੋਈਆਂ, ਤਲਣ ਲਈ ਤੇਲ।

ਵਿਧੀ-ਮੈਦੇ 'ਚ ਚੁਟਕੀ ਕੁ ਲੂਣ, ਅਜਵਾਇਣ, ਇੱਕ ਚਮਚ ਕੋਸਾ ਤੇਲ ਤੇ ਕੋਸਾ ਪਾਣੀ ਮਿਲਾ ਕੇ ਗੁੰਨ ਲਓ। ਕੱਪੜੇ ਨਾਲ ਢਕ ਕੇ 10 ਮਿੰਟ ਤੱਕ ਰੱਖੋ। ਫਿਲਿੰਗ ਲਈ ਕਿਸ਼ਮਿਸ਼ ਤੇ ਕਾਜੂ-ਬਾਦਾਮ ਮਿਲਾਓ। ਗੁੰਨੇ ਹੋਏ ਆਟੇ ਦੇ ਪੇੜੇ ਲੈ ਕੇ ਇੱਕ ਚਮਚ ਫਿਲਿੰਗ ਕਰ ਕੇ ਕਚੌਰੀ ਦਾ ਆਕਾਰ ਦਿੰਦਿਆਂ ਚੰਗੀ ਤਰ੍ਹਾਂ ਸੀਲ ਕਰ ਦਿਓ। ਕੜਾਹੀ 'ਚ ਤੇਲ ਗਰਮ ਕਰ ਕੇ ਕਚੌਰੀਆਂ ਨੂੰ ਹਲਕੇ ਸੇਕ 'ਤੇ ਸੁਨਹਿਰਾ ਹੋਣ ਤੱਕ ਤਲ ਲਓ।

# ਕੋਰੋਨਾ, ਮਾਸਕ ਤੇ ਚਾਲਾਨ

-ਡਾਕਟਰ ਪ੍ਰਦੀਪ ਕੌੜਾ

## ਵਿਅੰਗ

ਫਿਕਰਾਂ ਵਿੱਚ ਕੰਮ ਕਰਨ ਵਾਲਿਆਂ ਦੀ ਸਾਂਝੀ ਫਿਤਰਤ ਹੈ ਕਿ ਕਦੇ ਐਨਕ ਘਰ ਰਹਿ ਜਾਂਦੀ ਹੈ, ਕਦੇ ਮੋਬਾਈਲ ਚੁੱਕਣ ਲਈ ਰਸਤੇ 'ਚੋਂ ਵਾਪਸ ਆਉਣਾ ਪੈਂਦਾ ਹੈ ਅਤੇ ਕਦੇ ਪੈੱਨ, ਰੁਮਾਲ ਜਾਂ ਪਰਸ ਘਰ ਭੁੱਲ ਜਾਂਦੇ ਹਾਂ। ਇਹ ਸਿਰਫ ਮੇਰੇ ਨਾਲ ਹੀ ਨਹੀਂ, ਸਗੋਂ ਹਰ ਇੱਕ ਸ਼ਖਸ ਨਾਲ ਵਾਪਰਦਾ ਹੈ, ਜਿਹੜਾ ਸਵੇਰੇ ਦਫਤਰ ਜਾਣ ਦੀ ਕਾਹਲੀ ਵਿੱਚ ਤਿਆਰ ਹੁੰਦਾ ਹੈ। ਫਿਰ ਇਸ ਦਾ ਇੱਕ ਦਿਨ ਮੈਂ ਇਹ ਹੱਲ ਕੱਢਿਆ ਅਤੇ ਦਫਤਰ ਜਾਣ ਲਈ ਜ਼ਰੂਰੀ ਇਨ੍ਹਾਂ ਚੀਜ਼ਾਂ ਦੀ ਗਿਣਤੀ ਕੀਤੀ, ਜੋ ਕਿ ਪੰਜ ਸੀ। ਉਸ ਤੋਂ ਬਾਅਦ ਮੈਂ ਜਦੋਂ ਵੀ ਘਰੋਂ ਜਾਣਾ ਹੁੰਦਾ ਤਾਂ ਇਹ ਪੰਜ ਚੀਜ਼ਾਂ ਦੀ ਗਿਣਤੀ ਕਰ ਲੈਂਦਾ ਹਾਂ। ਹੌਲੀ ਹੌਲੀ ਇਹ ਪ੍ਰਕਿਰਿਆ ਮੇਰੇ ਅਵਚੇਤਨ ਵਿੱਚ ਸਮਾ ਗਈ ਅਤੇ ਅੱਜਕੱਲ੍ਹ ਕਦੇ ਵੀ ਘਰੋਂ ਬਾਹਰ ਜਾਣ ਵੇਲੇ ਆਪ ਮੁਹਾਰੇ ਹੀ ਹੱਥ ਇਨ੍ਹਾਂ ਪੰਜ ਚੀਜ਼ਾਂ ਨੂੰ ਟੋਹ ਕੇ ਚੈਕ ਕਰ ਲੈਂਦੇ ਹਾਂ ਕਿ ਕੁਝ ਭੁੱਲਿਆ ਤਾਂ ਨਹੀਂ।

ਅਜੋਕਾ ਸਮਾਂ ਕੋਰੋਨਾ ਦੌਰ ਦਾ ਹੈ। ਸਾਰਾ ਆਲਾ ਦੁਆਲਾ ਬਦਲਿਆ ਬਦਲਿਆ ਹੋਇਆ ਹੈ। ਸਕੂਲ, ਕਾਲਜ ਬੰਦ ਪਏ ਹਨ। ਫੈਕਟਰੀ ਕੋਈ ਕੋਈ ਖੁੱਲ੍ਹਦੀ ਹੈ। ਰੁਜ਼ਗਾਰ ਦੇ ਮੌਕੇ ਖੁੱਸ ਰਹੇ ਹਨ। ਕੰਮ ਕਰਨ ਦੇ ਤਰੀਕੇ ਬਦਲ ਰਹੇ ਹਨ। ਘਰ ਹੀ ਦਫਤਰ ਹੋ ਗਿਆ ਹੈ। ਪਹਿਲਾਂ ਦਫਤਰ ਦਾ ਅਰਥ ਕੰਮ ਕਰਨ ਵਾਲੀ ਜਗ੍ਹਾ ਤੇ ਘਰ ਦਾ ਮਤਲਬ ਆਰਾਮ ਅਤੇ ਪਰਵਾਰ ਨਾਲ ਮੌਜਮਸਤੀ ਹੁੰਦਾ ਸੀ। ਅੱਜ ਬੈੱਡਰੂਮ ਵਿੱਚ ਕਿਤਾਬਾਂ ਦੀ ਥਾਂ ਲੈਪਟਾਪ ਨੇ ਲੈ ਲਈ ਹੈ। ਮੀਟਿੰਗ ਵਿੱਚ ਲੰਚ ਚੱਲਦਾ ਰਹਿੰਦਾ ਹੈ ਅਤੇ ਚਾਹ ਦੌਰਾਨ ਮੀਟਿੰਗ। ਪਤਾ ਹੀ ਨਹੀਂ ਲੱਗਦਾ ਕਿ ਕਿਹੜਾ ਸਮਾਂ ਤੁਹਾਡੇ ਕੰਮ-ਕਾਜ ਦਾ ਹੈ ਅਤੇ ਕਿਹੜਾ ਘਰੇਲੂ ਜ਼ਿੰਦਗੀ ਵਿੱਚ ਵਿਚਰਨ ਦਾ। ਸਾਰਾ ਕੁਝ ਇੱਕ ਦੂਜੇ ਵਿੱਚ ਰਲਗੱਡ ਹੋ ਚੁੱਕਾ ਹੈ। ਸਵੇਰੇ ਲੇਟ ਉਠਣਾ ਅਤੇ ਉਠਣ ਸਾਰ ਕੰਮ ਨੂੰ ਜੁੱਟ ਜਾਣਾ, ਸ਼ਾਇਦ ਵਰਕ ਫਰਾਮ ਹੋਮ ਕਰਨ ਵਾਲਿਆਂ ਵਿੱਚੋਂ ਬਹੁਤਿਆਂ ਨਾਲ ਵਾਪਰਦਾ ਹੋਵੇਗਾ। ਘਰੋਂ ਬਾਹਰ ਨਿਕਲਣਾ ਬਹੁਤ ਘੱਟ ਹੁੰਦਾ ਹੈ ਕਿਉਂਕਿ ਸਵੇਰੇ ਸ਼ਾਮ ਨੱਠ ਭੱਜ ਰਹਿੰਦੀ ਹੈ ਅਤੇ ਦੁਪਹਿਰ ਵੇਲੇ ਕੰਮ ਨਾਲ ਸੰਬੰਧਤ ਮੀਟਿੰਗਾਂ ਚੱਲਦੀਆਂ ਰਹਿੰਦੀਆਂ ਹਨ। ਅਜਿਹੇ ਵਿੱਚ ਹੌਲੀ ਹੌਲੀ ਪੁਰਾਣੀਆਂ ਆਦਤਾਂ ਛੁੱਟਦੀਆਂ ਜਾ ਰਹੀਆਂ ਹਨ, ਪਰ ਇਸ ਸਭ ਦੇ ਬਾਵਜੂਦ ਘਰੋਂ ਬਾਹਰ ਨਿਕਲਣ ਵੇਲੇ ਪੰਜ ਚੀਜ਼ਾਂ ਗਿਣਨ ਦੀ ਆਦਤ ਅਜੇ ਵੀ ਬਰਕਰਾਰ ਹੈ।

ਕੁਝ ਦਿਨ ਪਹਿਲਾਂ ਮੈਂ ਘਰੋਂ ਬਾਜ਼ਾਰ ਜਾਣ ਲਈ ਨਿਕਲਿਆ ਤਾਂ ਆਦਤ ਅਨੁਸਾਰ ਇਹ ਪੰਜ ਚੀਜ਼ਾਂ ਚੈਕ ਕਰ ਕੇ ਨਿਸ਼ਚਿੰਤ ਹੋ ਕੇ ਐਕਟਿਵਾ 'ਤੇ ਸਵਾਰ ਹੋ ਗਿਆ। ਅਜੇ ਘਰੋਂ ਨਿਕਲ ਕੇ ਤਿੰਨ ਕੋਣੀ ਚੌਕ ਤੱਕ ਪਹੁੰਚਿਆ ਸੀ ਕਿ ਪੁਲਸ ਦੇ ਨਾਕੇ 'ਤੇ ਤੈਨਾਤ ਕਾਂਸਟੇਬਲ ਨੇ ਮੈਨੂੰ ਡੰਡੇ ਨਾਲ ਰੁਕਣ ਦਾ ਇਸ਼ਾਰਾ ਕੀਤਾ। ਮੈਂ ਐਕਟਿਵਾ ਸਾਈਡ 'ਤੇ ਲਾ ਕੇ ਇੱਕ ਪਾਸੇ ਦਰੱਖਤ ਦੀ ਛਾਂ ਹੇਠ ਕੁਰਸੀਆਂ ਡਾਹੀ ਬੈਠੇ ਤਿੰਨ-ਚਾਰ ਪੁਲਸ ਵਾਲਿਆਂ ਕੋਲ ਐਕਟਿਵਾ ਦੇ ਕਾਗਜ਼ ਚੈੱਕ ਕਰਾਉਣ ਚਲਾ ਗਿਆ, ਪਰ ਮੇਰੇ ਕਾਗਜ਼-ਪੱਤਰ ਚੈੱਕ ਕੀਤੇ ਬਿਨਾਂ ਇੱਕ ਪੁਲਸ ਮੁਲਾਜ਼ਮ ਨੇ ਦੋ ਸੌ ਰੁਪਏ ਦੀ ਪਰਚੀ ਅਤੇ ਇੱਕ ਕਾਲੇ ਰੰਗ ਦਾ ਮਾਸਕ ਮੇਰੇ ਹੱਥ 'ਤੇ ਰੱਖ ਦਿੱਤਾ ਤੇ ਕਹਿਣ ਲੱਗਾ, ਬਾਊ ਜੀ, ਦੋ ਸੌ ਦਿਓ। ਮੈਂ ਹੈਰਾਨ ਹੋ ਕੇ ਕਿਹਾ: ਮੇਰੇ ਕੋਲ ਐਕਟਿਵਾ ਦੇ ਸਾਰੇ ਕਾਗਜ਼ ਬਿਲਕੁਲ ਪੂਰੇ ਹਨ। ਬਾਊ ਜੀ, ਇਹ ਚਲਾਨ ਐਕਟਿਵਾ ਦੇ ਕਾਗਜ਼ਾਂ ਦਾ ਨਹੀਂ, ਇਸ ਕਰ ਕੇ ਹੈ ਕਿ ਤੁਸੀਂ ਮਾਸਕ ਨਹੀਂ ਪਹਿਨਿਆ। ਉਂਝ ਕਮਾਲ ਹੈ ਬਾਊ ਜੀ ਥੋਡੇ ਵਰਗੇ ਪੜ੍ਹੇ-ਲਿਖਿਆਂ ਦੀ, ਜੇ ਥੋਨੂੰ ਵੀ ਚਾਲਾਨ ਕੱਟ ਕੱਟ ਕੇ ਸਮਝਾਉਣਾ ਪਊ ਤਾਂ ਅਨਪੜ੍ਹ ਜਨਤਾ ਦਾ ਕੀ ਬਣੂੰ? ਨਾਲ ਬੈਠੇ ਦੂਜੇ ਪੁਲਸ ਮੁਲਾਜ਼ਮ ਨੇ ਮੇਰੇ 'ਤੇ ਟਕੋਰ ਕੀਤੀ। ਬਿਨਾਂ ਕੁਝ ਬੋਲੇ ਮੈਂ ਦੋ ਸੌ ਰੁਪਏ ਦੇ ਕੇ ਪਰਚੀ ਅਤੇ ਮਾਸਕ ਫੜ ਲਿਆ।

ਮਨਾਂ, ਘਰੋਂ ਨਿਕਲਣ ਲੱਗੇ ਅੱਗੇ ਤੋਂ ਪੰਜ ਨਹੀਂ, ਛੇ ਚੀਜ਼ਾਂ ਚੈੱਕ ਕਰਿਆ ਕਰ, ਛੇਵੀਂ ਚੀਜ਼ 'ਮਾਸਕ' ਵੀ। ਬੁੜਬੁੜਾਉਂਦਾ ਹੋਇਆ ਮੈਂ ਐਕਟਿਵਾ 'ਤੇ ਬੈਠ ਕੇ ਬਾਜ਼ਾਰ ਵੱਲ ਨੂੰ ਹੋ ਤੁਰਿਆ।
























# ਪੰਜਾਬ ਤੇ ਹਰਿਆਣਾ ਫਿਰ ਆਹਮੋ-ਸਾਹਮਣੇ

-ਉਜਾਗਰ ਸਿੰਘ-

ਕੈਪਟਨ ਅਮਰਿੰਦਰ ਸਿੰਘ ਦਾ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਇਸ ਦੀ ਉਸਾਰੀ ਨਾਲ ਕੌਮੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ। ਬਹੁਤ ਸਾਰੇ ਸਿਆਸਤਦਾਨਾਂ ਨੇ ਇਸ 'ਤੇ ਕਿੰਤੂ-ਪਰੰਤੂ ਵੀ ਕੀਤਾ ਹੈ ਕਿ ਮੁੱਖ ਮੰਤਰੀ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ ਸੀ ਕਿਉਂਕਿ ਇਹ ਬਹੁਤ ਸੰਜੀਦਾ ਮਸਲਾ ਹੈ।

ਸਤਲੁਜ-ਜਮਨਾ ਲਿੰਕ ਨਹਿਰ ਦੇ ਵਿਵਾਦ ਬਾਰੇ ਪਹਿਲੀ ਵਾਰ ਪੰਜਾਬ ਦੇ ਕਿਸੇ ਮੁੱਖ ਮੰਤਰੀ ਨੇ ਅਜਿਹੇ ਸਵਾਲ ਕੀਤੇ, ਜਿਨ੍ਹਾਂ ਦਾ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਕੋਲ ਕੋਈ ਜਵਾਬ ਨਹੀਂ ਸੀ। ਇਸ ਤੋਂ ਪਹਿਲਾਂ ਜਦੋਂ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਬਣਿਆ ਤਾਂ ਪੰਜਾਬ ਦੇ ਕਿਸੇ ਵੀ ਮੁੱਖ ਮੰਤਰੀ ਨੇ ਸਤਲੁਜ-ਜਮਨਾ ਨਹਿਰ ਬਾਰੇ ਇੰਨਾ ਸਖਤ ਸਟੈਂਡ ਨਹੀਂ ਲਿਆ। ਇਸ ਐਕਟ ਦੀ ਧਾਰਾ 78 ਕੇਂਦਰ ਸਰਕਾਰ ਨੂੰ ਪਾਣੀਆਂ ਦੀ ਵੰਡ ਦਾ ਕਰਨ ਦੇ ਅਧਿਕਾਰ ਦਿੰਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਨੂੰ ਦਾਅ 'ਤੇ ਲਾ ਕੇ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਭਰੋਸੇ ਵਿੱਚ ਲਏ ਤੋਂ ਬਿਨਾਂ ਹੀ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ ਵਿਧਾਨ ਸਭਾ ਤੋਂ 2004 ਵਿੱਚ ਪਾਸ ਕਰਵਾ ਕੇ ਸਾਰੇ ਸਮਝੌਤੇ ਤੋੜ ਦਿੱਤੇ ਸਨ।

ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਵੱਲੋਂ ਸਤਲੁਜ-ਜਮਨਾ ਲਿੰਕ ਨਹਿਰ ਦੇ ਮੁੱਦੇ 'ਤੇ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ 2004' ਬਾਰੇ ਮੰਗੀ ਰਾਇ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਕੇਂਦਰ ਸਰਕਾਰ ਦੀ ਪੰਜਾਬ ਤੇ ਹਰਿਆਣਾ ਨੂੰ ਇਕੱਠੇ ਬਿਠਾ ਕੇ ਇਸ ਮਸਲੇ ਦਾ ਹੱਲ ਕੱਢਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਪੰਜਾਬ ਹਰਿਆਣਾ ਇੱਕ ਵਾਰ ਫਿਰ ਆਹਮੋ-ਸਾਹਮਣੇ। ਐੱਸ ਵਾਈ ਐੱਲ ਬਾਰੇ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਮਨੋਹਰ ਲਾਲ ਖੱਟਰ ਨਾਲ ਕਾਨਫਰੰਸਿੰਗ ਜ਼ਰੀਏ ਪਹਿਲੀ ਮੀਟਿੰਗ ਕੀਤੀ ਹੈ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣੇ ਦੇ ਸਿੰਚਾਈ ਸਕੱਤਰਾਂ ਅਤੇ ਫਿਰ ਮੁੱਖ ਸਕੱਤਰਾਂ ਦੀਆਂ ਵੀ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਦੋਵੇਂ ਸਰਕਾਰਾਂ ਆਪੋ-ਆਪਣਾ ਹੱਕ ਜ਼ਾਹਰ ਕਰ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਪਾਣੀ ਦੇਣ ਨੂੰ ਤਿਆਰ ਹਨ, ਪਰ ਪਹਿਲਾਂ ਦਰਿਆਵਾਂ ਦੇ ਪਾਣੀ ਦੀ ਮਿਕਦਾਰ ਦਾ ਜਾਇਜ਼ਾ ਲਿਆ ਜਾਵੇ ਕਿ ਕੀ ਵਾਕਈ ਦਰਿਆਵਾਂ ਵਿੱਚ ਹਰਿਆਣੇ ਨੂੰ ਪਾਣੀ ਦੇਣ ਲਈ ਮੌਜੂਦ ਹੈ? ਹਕੀਕਤ ਇਹ ਹੈ ਕਿ ਦਰਿਆਵਾਂ ਦਾ ਪਾਣੀ ਤਾਂ ਪੰਜਾਬ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ।

ਪੰਜਾਬ ਦਾ ਕਿਸਾਨ ਦੇਸ਼ ਦੇ ਅੰਨ ਭੰਡਾਰ ਵਿਚ ਸਮੁੱਚੇ ਦੇਸ਼ ਦੇ ਰਾਜਾਂ ਤੋਂ ਵੱਧ ਹਿੱਸਾ ਪਾਉਂਦਾ ਹੈ। ਪੰਜਾਬ ਦੇ 150 ਬਲਾਕਾਂ 'ਚੋਂ 109 ਬਲਾਕਾਂ ਵਿੱਚ ਸਿੰਚਾਈ ਵਾਲੇ ਪਾਣੀ ਦੀ ਥੁੜ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਹੈ ਕਿ ਰਹਿ 25 ਸਾਲਾਂ ਬਾਅਦ ਦਰਿਆਵਾਂ ਦੇ ਪਾਣੀਆਂ ਦਾ ਜਾਇਜ਼ਾ ਲੈਣਾ ਹੁੰਦਾ ਹੈ ਕਿ ਉਨ੍ਹਾਂ ਵਿੱਚ ਪਾਣੀ ਦੀ ਮਿਕਦਾਰ ਕਿੰਨੀ ਰਹਿ ਗਈ ਹੈ। ਪੈਂਤੀ ਸਾਲ ਪਹਿਲਾਂ ਸੰਨ 1985 ਵਿੱਚ ਇਨ੍ਹਾਂ ਦਰਿਆਵਾਂ ਦੇ ਪਾਣੀ ਦਾ ਜਾਇਜ਼ਾ ਲਿਆ ਗਿਆ ਸੀ। ਇਸ ਲਈ ਪਹਿਲਾਂ ਦਰਿਆਵਾਂ ਦੇ ਪਾਣੀ ਦੀ ਮਿਕਦਾਰ ਦੀ ਅਸੈਸਮੈਂਟ ਕਰਾਉਣ ਲਈ ਟ੍ਰਿਬਿਊਨਲ ਬਣਾਇਆ ਜਾਵੇ। ਉਨ੍ਹਾਂ ਦਾ ਦੂਜਾ ਨੁਕਤਾ ਇਹ ਸੀ ਕਿ ਸਾਂਝੇ ਪੰਜਾਬ ਦੇ ਤਿੰਨ ਦਰਿਆਵਾਂ ਰਾਵੀ, ਬਿਆਸ ਤੇ ਸਤਲੁਜ ਦੇ ਪਾਣੀ ਦੀ ਵੰਡ ਕੇਂਦਰ ਸਰਕਾਰ ਨੇ ਕਰ ਦਿੱਤੀ, ਪਰ ਚੌਥੇ ਦਰਿਆ ਜਮਨਾ ਦੇ ਪਾਣੀ ਦੀ ਵੰਡ ਕਰ ਕੇ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ। ਪਹਿਲਾਂ ਜਮਨਾ ਵਿੱਚੋਂ ਪੰਜਾਬ ਨੂੰ ਬਣਦਾ ਹਿੱਸਾ ਦਿੱਤਾ ਜਾਵੇ। ਹਰਿਆਣਾ ਨੂੰ ਤਾਂ ਨਵੀਂ ਬਣ ਰਹੀ ਸ਼ਾਰਦਾ ਨਹਿਰ 'ਚੋਂ ਵੀ ਹਿੱਸਾ ਮਿਲਣਾ ਹੈ। ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਹੁੰਦਾ ਹੈ? ਤੀਜੇ ਹਰੀਕੇ ਪੱਤਣ 'ਤੇ ਬੰਨ੍ਹ ਲਾ ਕੇ ਰਾਜਸਥਾਨ ਨੂੰ ਪਾਣੀ ਦਿੱਤਾ ਗਿਆ ਹੈ। ਤੁਸੀਂ ਇਸ ਮੀਟਿੰਗ ਵਿੱਚ ਰਾਜਸਥਾਨ ਨੂੰ ਕਿਉਂ ਨਹੀਂ ਬੁਲਾਇਆ? ਰਾਜਸਥਾਨ ਨੂੰ ਗੱਲਬਾਤ ਵਿੱਚ ਸ਼ਾਮਲ ਕੀਤਾ ਜਾਵੇ। ਮੁੱਖ ਮੰਤਰੀ ਪੰਜਾਬ ਨੇ ਚੌਥਾ ਨੁਕਤਾ ਇਹ ਉਠਾਇਆ ਕਿ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੀ ਥੁੜ੍ਹ ਹੈ, ਪਰ ਸਾਡਾ ਵਾਧੂ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ। ਜਿਹੜਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਉਸ ਨੂੰ ਹਿਮਾਚਲ ਵਿੱਚ ਕੋਈ ਰਿਜ਼ਰਵਾਇਰ ਬਣਾ ਕੇ ਸਟੋਰ ਕਰਨ ਦਾ ਪ੍ਰਬੰਧ ਕੇਂਦਰ ਸਰਕਾਰ ਕਰੇ ਤਾਂ ਜੋ ਲੋੜ ਮੌਕੇ ਉਹ ਪਾਣੀ ਪੰਜਾਬ ਵਰਤ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਜੇ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕੀਤੀ ਤਾਂ ਪੰਜਾਬ ਫਿਰ ਅਸਥਿਰਤਾ ਦੇ ਮਾਹੌਲ ਵਿੱਚ ਜਾ ਸਕਦਾ ਹੈ। ਪੰਜਾਬ ਨੇ ਪਹਿਲਾਂ ਹੀ ਇਸ ਨਹਿਰ ਦੇ ਵਿਵਾਦ ਕਰ ਕੇ ਸੰਤਾਪ ਝੱਲਿਆ ਹੈ। ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਵਿੱਚ ਲੱਗੇ 35 ਮਜ਼ਦੂਰ, ਇੱਕ ਮੁੱਖ ਇੰਜੀਨੀਅਰ ਐੱਮ ਐੱਲ ਸੇਖੜੀ, ਐੱਸ ਈ ਅਵਤਾਰ ਸਿੰਘ ਔਲਖ ਅਤੇ ਭਾਖੜਾ ਬਿਆਸ ਮੈਨੇਜਮੈਂਟ ਦਾ ਚੇਅਰਮੈਨ ਮਾਰ ਦਿੱਤੇ ਗਏ ਸਨ। ਕਈ ਲੋਕ ਕੈਪਟਨ ਦੀ ਇਸ ਕੌੜੀ ਸੱਚਾਈ ਨੂੰ ਬੁਰਾ ਕਹਿ ਰਹੇ ਹਨ, ਪਰ ਪੰਜਾਬੀਆਂ ਨੂੰ ਪਤਾ ਹੈ ਕਿ ਉਹ ਕਿੰਦਾਂ ਦੇ ਮਾਹੌਲ 'ਚੋਂ ਲੰਘੇ ਹਨ। ਇਸ ਕਦਮ ਨਾਲ ਕੌਮੀ ਤੌਰ 'ਤੇ ਖਤਰਾ ਹੋ ਸਕਦਾ ਹੈ।

ਪੰਜਾਬ ਅਤੇ ਹਰਿਆਣਾ ਨੂੰ ਸਾਂਝੀਆਂ ਜਾਇਦਾਦਾਂ 60-40 ਦੇ ਅਨੁਪਾਤ ਨਾਲ ਵੰਡੀਆਂ ਗਈਆਂ ਸਨ, ਜਿਨ੍ਹਾਂ ਵਿੱਚ ਹਾਈ ਕੋਰਟ ਅਤੇ ਵਿਧਾਨ ਸਭਾ ਸ਼ਾਮਲ ਹਨ। ਪਾਣੀ ਲਈ ਵੀ ਇਹੋ ਫਾਰਮੂਲਾ ਅਪਣਾਇਆ ਜਾਣਾ ਚਾਹੀਦਾ ਹੈ। ਪੰਜਾਬ ਦਾ ਰਕਬਾ 105 ਲੱਖ ਏਕੜ ਹੈ, ਜਦੋਂ ਕਿ ਪਾਣੀ 12-42 ਐੱਮ ਏ ਐੱਫ ਹੈ। ਹਰਿਆਣੇ ਦਾ ਰਕਬਾ 88 ਲੱਖ ਏਕੜ ਅਤੇ ਪਾਣੀ 12-48 ਐੱਮ ਏ ਐੱਫ ਹੈ। ਅਜਿਹੇ ਵਿੱਚ ਹਰਿਆਣਾ ਦੇ ਮੁਕਾਬਲੇ ਪੰਜਾਬ ਨੂੰ ਪਾਣੀ ਦੀ ਲੋੜ ਹੈ, ਪਰ ਵਧੇਰੇ ਪਾਣੀ ਹਰਿਆਣਾ ਨੂੰ ਦਿੱਤਾ ਗਿਆ ਹੈ।


ਹਰਿਆਣਾ ਅਤੇ ਹਿਮਾਚਲ ਬਣਨ ਤੋਂ ਬਾਅਦ ਹੀ ਹਰਿਆਣਾ ਤੇ ਪੰਜਾਬ ਤੋਂ ਸਾਂਝੇ ਪੰਜਾਬ ਦਾ ਹਿੱਸਾ ਹੋਣ ਕਰ ਕੇ ਪਾਣੀ ਮੰਗਣਾ ਸ਼ੁਰੂ ਕਰ ਦਿੱਤਾ। ਕੋਈ ਵੀ ਦਰਿਆ ਹਰਿਆਣਾ 'ਚੋਂ ਲੰਘਦਾ ਨਹੀਂ, ਜਿਸ ਕਾਰਨ ਉਹ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀ ਦਾ ਹੱਕਦਾਰ ਨਹੀਂ। ਪੰਜਾਬ ਸਰਕਾਰ ਨੇ 2016 ਵਿੱਚ ਸਤਲੁਜ-ਜਮਨਾ ਲਿੰਕ ਕੈਨਾਲ ਲੈਂਡ (ਟਰਾਂਸਫਰ ਆਫ ਪ੍ਰਾਪਰਟੀ ਰਾਈਟਸ ਬਿੱਲ 2016) ਵਿਧਾਨ ਸਭਾ ਵਿੱਚ ਪਾਸ ਕਰ ਕੇ ਨਹਿਰ ਦੀ ਐਕਵਾਇਰ ਕੀਤੀ ਜ਼ਮੀਨ ਡੀ-ਨੋਟੀਫਾਈ ਕਰ ਕੇ ਕਿਸਾਨਾਂ ਨੂੰ ਵਾਪਸ ਦੇ ਦਿੱਤੀ ਸੀ। ਸਾਰਾ ਪ੍ਰੋਸੀਜ਼ਰ ਦੁਬਾਰਾ ਕਰਨਾ ਪਵੇਗਾ, ਜਿਸ ਕਾਰਨ ਇਸ ਨਹਿਰ ਦਾ ਮੁਕੰਮਲ ਹੋਣਾ ਅਸੰਭਵ ਲੱਗਦਾ ਹੈ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੀਆਂ ਸਭ ਪਾਰਟੀਆਂ ਹਰਿਆਣੇ ਨੂੰ ਪਾਣੀ ਦੇਣ ਦੇ ਵਿਰੁੱਧ ਹਨ। ਚੌਵੀ ਮਾਰਚ 1976 ਨੂੰ ਇੰਦਰਾ ਗਾਂਧੀ ਨੇ ਭਾਖੜਾ ਤੇ ਬਿਆਸ ਪ੍ਰੋਜੈਕਟਾਂ ਦੀ ਬਿਜਲੀ ਅਤੇ ਪਾਣੀ ਦੀ ਵੰਡ ਕੁੱਲ 7.5 ਐੱਮ ਏ ਐੱਫ ਪਾਣੀ 'ਚੋਂ ਪੰਜਾਬ ਅਤੇ ਹਰਿਆਣਾ ਨੂੰ 3.5-3.5 ਅਤੇ 0.2 ਦਿੱਲੀ ਨੂੰ ਪੀਣ ਵਾਲੇ ਪਾਣੀ ਲਈ ਦੇਣ ਦਾ ਐਵਾਰਡ ਦਿੱਤਾ ਸੀ। ਪਾਣੀ ਸਤਲੁਜ-ਜਮਨਾ ਨਹਿਰ ਬਣਾ ਕੇ ਹਰਿਆਣਾ ਨੂੰ ਦੇਣਾ ਸੀ। ਦੋ ਸੌ ਬਾਰਾਂ ਕਿਲੋਮੀਟਰ ਲੰਬੀ ਨਹਿਰ 'ਚੋਂ 121 ਕਿਲੋਮੀਟਰ ਨਹਿਰ, ਜਿਸ ਦਾ 5376 ਏਕੜ ਰਕਬਾ ਬਣਦਾ ਹੈ, ਪੰਜਾਬ 'ਚੋਂ ਲੰਘਦੀ ਹੈ, ਜਿਸ ਲਈ ਜ਼ਮੀਨ ਐਕਵਾਇਰ ਕਰਨ ਲਈ ਪੰਜਾਬ ਨੂੰ ਹਰਿਆਣਾ ਨੇ 1 ਕਰੋੜ ਰੁਪਏ ਦੇ ਦਿੱਤੇ, ਜਿਹੜੇ ਬਾਦਲ ਸਰਕਾਰ ਨੇ ਮਾਰਚ 1979 ਨੂੰ ਪ੍ਰਾਪਤ ਕਰ ਲਏ। ਤੀਹ ਅਪ੍ਰੈਲ 1979 ਨੂੰ ਸੁਪਰੀਮ ਕੋਰਟ ਵਿੱਚ 1976 ਵਾਲਾ ਐਵਾਰਡ ਲਾਗੂ ਕਰਨ ਲਈ ਹਰਿਆਣਾ ਨੇ ਕੇਸ ਕਰ ਦਿੱਤਾ। ਫਰਵਰੀ 1978 ਵਿੱਚ ਬਾਦਲ ਸਰਕਾਰ ਨੇ ਸਤਲੁਜ-ਜਮਨਾ ਨਹਿਰ ਲਈ ਜ਼ਮੀਨ ਐਕਵਾਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ ਬਾਅਦ ਵਿੱਚ 11 ਜੁਲਾਈ 1979 ਨੂੰ ਪੰਜਾਬ ਸਰਕਾਰ ਨੇ ਪੁਨਰਗਠਨ ਐਕਟ ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ।

ਸੰਨ 1980 ਵਿੱਚ ਦਰਬਾਰਾ ਸਿੰਘ ਦੀ ਸਰਕਾਰ ਪੰਜਾਬ ਵਿੱਚ ਬਣ ਗਈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦੀ ਇੱਕ ਮੀਟਿੰਗ ਵਿੱਚ 31 ਦਸੰਬਰ 1981 ਨੂੰ ਪੰਜਾਬ ਦੇ ਮੁੱਖ ਮੰਤਰੀ 'ਤੇ ਦਬਾਅ ਪਾ ਕੇ ਸਮਝੌਤਾ ਕਰਾ ਦਿੱਤਾ। ਰਾਜਸਥਾਨ ਨੂੰ ਵੀ ਇਸ ਸਮਝੌਤੇ ਵਿੱਚ ਸ਼ਾਮਲ ਕੀਤਾ ਗਿਆ ਹਾਲਾਂਕਿ ਉਹ ਵੀ ਗੈਰ-ਰਿਪੇਰੀਅਨ ਸੂਬਾ ਹੈ। ਸਤਲੁਜ-ਜਮਨਾ ਨਹਿਰ ਦੀ ਪੁਟਾਈ ਦਾ ਨੀਂਹ ਪੱਥਰ ਅੱਠ ਅਪ੍ਰੈਲ 1982 ਨੂੰ ਪਟਿਆਲਾ ਜ਼ਿਲੇ ਦੇ ਕਪੂਰੀ ਪਿੰਡ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਨੇ ਰੱਖਿਆ। ਪਾਣੀ ਦੀ ਵੰਡ ਲਈ ਸਾਰੀਆਂ ਪਾਰਟੀਆਂ ਦੋਸ਼ੀ ਹਨ, ਪਰ ਮੁੱਖ ਦੋਸ਼ੀ ਕਾਂਗਰਸ ਦੀ ਸਰਕਾਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਮਾਣ ਜਾਂਦਾ ਹੈ ਕਿ ਆਪਣੀ ਪਾਰਟੀ ਦੇ ਪੰਜਾਬ ਦੀ ਬੇੜੀ ਵਿੱਚ ਪਾਏ ਵੱਟੇ ਕੱਢਣ ਦੀ ਦਲੇਰੀ ਦਿਖਾ ਰਿਹਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਕਿੱਥੋਂ ਲੱਭਾਂ ਥਾਹ ਅੰਦਰਲੀ ਪੀੜ ਦੀ

-ਦਲਜੀਤ ਸਿੰਘ ਦਾਊਂ-

ਕੋਰੋਨਾ ਮਹਾਮਾਰੀ ਬਾਰੇ ਸੰਸਾਰ ਦੇ ਅੰਕੜੇ ਦਿਲ ਦਹਿਲਾ ਦੇਣ ਵਾਲੇ ਨੇ। ਉਤੋਂ 25 ਅਪ੍ਰੈਲ ਦੇ ਇੱਕ ਪੰਜਾਬੀ ਅਖਬਾਰ ਵਿੱਚ ਪੰਜਾਬੀ ਯੂਨੀਵਰਸਿਟੀ ਦੀਆਂ ਸਹਾਇਕ ਪ੍ਰੋਫੈਸਰਾਂ ਨਿਧੀ ਸਿੰਘਲ ਅਤੇ ਹਰਜੀਤ ਕੌਰ ਦਾ ਲਿਖਿਆ ਲੇਖ 'ਕੋਰੋਨਾ ਦੀ ਮਾਰ ਪੁਰਸ਼ਾਂ 'ਚ ਔਰਤਾਂ ਨਾਲੋਂ ਤਿੱਗਣੀ' ਪੜ੍ਹਿਆ। ਇਸ ਦੇ ਅੰਕੜੇ ਮੈਨੂੰ ਅਤੀਤ ਦੀਆਂ ਮਹਾਮਾਰੀਆਂ ਅਤੇ ਵਿਸ਼ਵ ਯੁੱਧਾਂ ਵੱਲ ਲੈ ਗਏ। ਮੱਲੋ-ਮੱਲੀ ਮੇਰੀ ਮਨੋ ਬਿਰਤੀ ਪਿਛਲ ਝਾਤ ਮਾਰਨ ਲੱਗੀ।

ਪਹਿਲੀਆਂ ਦੋ ਮਹਾਮਾਰੀਆਂ 1907 ਅਤੇ 1920 ਵਿੱਚ ਪਲੇਗ ਦੀ ਰੂਪ ਵਿੱਚ ਆਈਆਂ ਸਨ, ਜਿਨ੍ਹਾਂ ਨੇ ਲੋਕਾਂ ਦਾ ਵੱਡਾ ਸਫਾਇਆ ਕੀਤਾ ਸੀ। ਇਸ ਤੋਂ ਬਾਅਦ ਨਾਲ ਲੱਗਦੀ ਚੇਚਕ ਤੇ ਅੱਜ ਕੋਵਿਡ 19 ਮਹਾਮਾਰੀ। ਕੋਰੋਨਾ ਮਹਾਮਾਰੀ ਪਹਿਲੀਆਂ ਸਵਾਈਨ ਫਲੂ ਅਤੇ ਇਬੋਲਾ ਨਾਲੋਂ 10 ਅਤੇ 152 ਗੁਣਾਂ ਮਾਰੂ ਅਤੇ ਡਰਾਉਣੀ ਹੈ। ਸਿਹਤ ਮੰਤਰਾਲਿਆਂ ਦੇ ਅੰਕੜੇ ਦੱਸਦੇ ਹਨ ਕਿ ਮਰਦਾਂ ਦੀ ਮੌਤ ਦਰ ਔਰਤਾਂ ਨਾਲੋਂ ਤਿੰਨ ਗੁਣਾ ਹੈ। ਆਹਮੋ-ਸਾਹਮਣੇ ਬੰਦੂਕਾਂ ਤੇ ਤਲਵਾਰਾਂ ਦੀ ਲੜਾਈ ਵਿੱਚ ਤਾਂ ਮਾਰੇ ਹੀ ਮਰਦ ਜਾਂਦੇ ਸਨ।

ਵਿਸ਼ਵ ਯੁੱਧ 1914 ਅਤੇ 1941-42 ਵਿੱਚ ਵੀ ਬਹੁਤ ਤਬਾਹੀ ਮਚੀ ਸੀ ਜਿਨ੍ਹਾਂ ਵਿੱਚ ਮਰਦਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਸਾਰੇ ਵਿਸ਼ਵ ਵਿੱਚ ਮਰਦਾਂ ਦਾ ਬਹੁਤ ਨੁਕਸਾਨ ਹੋਇਆ। ਬਰਤਾਨੀਆ ਵਾਸੀਆਂ ਨੇ ਡੂੰਘੀਆਂ ਸੁਰੰਗਾਂ ਖੋਦ ਕੇ ਕਈ ਮਹੀਨੇ ਉਨ੍ਹਾਂ ਵਿੱਚ ਰਹਿ ਕੇ ਆਪਣੀ ਜਾਨ ਬਚਾਈ ਸੀ। ਕਿਸੇ ਅੰਗਰੇਜ਼ ਨੇ ਇਨ੍ਹਾਂ ਸੁਰੰਗਾਂ ਨੂੰ ਅੰਡਰ ਗਰਾਊਂਡ ਟਰੇਨ ਵਿੱਚ ਬਦਲ ਕੇ ਕੰਮ ਵਿੱਚ ਲਿਆਂਦਾ। ਇਨ੍ਹਾਂ ਵਿੱਚ ਚੱਲਣ ਵਾਲੀ ਟਰੇਨ ਨੂੰ ਟਿਊਬ ਟਰੇਨ ਕਿਹਾ ਜਾਂਦਾ ਹੈ, ਜੋ ਸਾਰੇ ਲੰਡਨ ਵਿੱਚ ਚੱਲਦੀ ਹੈ। ਇਸ ਦੀ ਸਰਵਿਸ ਹਰ ਪੰਜ ਮਿੰਟ ਦੀ ਹੈ। ਪਿਛਲੀਆਂ ਮਹਾਮਾਰੀਆਂ ਤੋਂ ਇਥੋਂ ਦੇ ਲੋਕ ਵਿੱਥ ਰੱਖ ਕੇ ਤੁਰਨਾ ਤੇ ਵਿੱਥ ਰੱਖ ਕੇ ਲਾਈਨ ਵਿੱਚ ਖੜੋਣਾ ਅਤੇ ਵਿੱਥ ਰੱਖ ਕੇ ਟਰੇਨ ਵਿੱਚ ਚੜ੍ਹਨਾ ਸਿੱਖ ਗਏ।

ਦੂਸਰੇ ਵਿਸ਼ਵ ਯੁੱਧ ਵੇਲੇ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਬੰਬਾਰਡਮੈਂਟ ਨੇ ਜਿੰਨਾ ਨੁਕਸਾਨ ਜਾਪਾਨ ਦਾ ਕੀਤਾ ਸੀ, ਉਸ ਨੂੰ ਕਿਆਸਣਾ ਆਮ ਮਨੁੱਖੀ ਦਿਮਾਗ ਅਤੇ ਸੋਚ ਤੋਂ ਪਾਰ ਦੀ ਗੱਲ ਹੈ। ਇੱਕ ਗੱਲ ਜੋ ਜਾਪਾਨ ਨੇ ਸਿੱਖ ਲਈ, ਉਹ ਇਹ ਕਿ ਇਸ ਜੰਗ ਨੇ ਜਾਪਾਨੀਆਂ ਦਾ ਸੁਭਾਅ ਬਦਲ ਦਿੱਤਾ। ਹਰ ਜਾਪਾਨੀ ਬਹੁਤ ਸਾਊ ਤੇ ਮਿਹਨਤੀ ਬਣ ਗਿਆ, ਜਿਸ ਸਦਕਾ ਉਸ ਨੇ ਆਪਣੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਲਿਆ ਹੈ। ਅਜੋਕੇ ਪ੍ਰਦੂਸ਼ਣ ਵਿੱਚ ਉਹ ਪੈਦਲ ਚੱਲਣ ਅਤੇ ਸਾਈਕਲ 'ਤੇ ਆਉਣ ਜਾਣ ਨੂੰ ਪਹਿਲ ਦਿੰਦਾ ਹੈ। ਕਾਰ ਤਾਂ ਉਦੋਂ ਵਰਤਦਾ ਹੈ ਜੇ ਚਾਰ-ਪੰਜ ਜਣਿਆਂ ਨੇ ਦੂਰ ਜਾਣਾ ਹੋਵੇ। ਇਕੱਲੀ ਸਵਾਰੀ ਲਈ ਉਹ ਕਾਰ ਨਹੀਂ ਵਰਤਦਾ। ਇਸ ਤਰ੍ਹਾਂ ਉਸ ਨੇ ਆਪਣੇ ਦੇਸ਼ ਨੂੰ ਪ੍ਰਦੂਸ਼ਣ ਤੋਂ ਵੀ ਕਿਸੇ ਹੱਦ ਤੱਕ ਬਚਾਇਆ ਹੋਇਆ ਹੈ।

ਇਸ ਤੋਂ ਬਾਅਦ 1947 ਵਿੱਚ ਹੋਈ ਭਾਰਤ ਦੀ ਵੰਡ ਸਮੇਂ ਧਰਮ ਦੇ ਆਧਾਰ ਉਤੇ ਕਤਲੋ ਗਾਰਤ ਵਿੱਚ ਲੱਖਾਂ ਮਨੁੱਖਾਂ ਦਾ ਘਾਣ ਹੋਇਆ। ਔਰਤ ਜਾਤ ਦੀ ਬੇਪੱਤੀ ਦਾ ਨੰਗਾ ਨਾਚ ਹੋਇਆ। ਪੰਜਾਬ ਵਿੱਚ ਇੱਕ ਹੋਰ ਗੱਲ ਪ੍ਰਚਲਿਤ ਹੈ। ਕੁੜੀਆਂ ਨਾਲੋਂ ਮੁੰਡੇ ਪਾਲਣੇ ਔਖੇ ਹੁੰਦੇ ਹਨ। ਫਿਰ ਪਲਿਆਂ ਹੋਇਆਂ ਨੂੰ ਸਾਂਭਣਾ ਉਸ ਤੋਂ ਮੁਸ਼ਕਲ ਹੈ। ਸ਼ਰਾਬ ਅਤੇ ਹੋਰ ਕਈ ਤਰ੍ਹਾਂ ਦੇ ਨਸ਼ਿਆਂ ਨੇ ਘਰਾਂ ਦੇ ਘਰ ਬਰਬਾਦ ਕਰ ਦਿੱਤੇ ਹਨ। ਇਹ ਮਹਾਮਾਰੀਆਂ ਤੇ ਬਿਮਾਰੀਆਂ ਤਾਂ ਕਿਸੇ ਦੇ ਵੱਸ ਦੀ ਗੱਲ ਨਹੀਂ, ਪਰ ਜੋ ਆਪੇ ਹੀ ਗਲਤ ਖਾ ਕੇ ਜਾਂ ਪੀ ਕੇ ਸਹੇੜੀਆਂ ਬਿਮਾਰੀਆਂ, ਜਿਵੇਂ ਜ਼ਿਆਦਾ ਪੀ ਕੇ ਜਾਂ ਨਸ਼ੇ ਲੈ ਕੇ ਲਿਵਰ ਖਰਾਬ ਹੋ ਜਾਣਾ ਜਾਂ ਗੁਰਦੇ ਖਰਾਬ ਹੋ ਜਾਣੇ। ਕਿਤੇ ਦਿਲ ਦੇ ਤੇ ਮਾਨਸਿਕ ਰੋਗ ਲਾ ਲੈਣੇ। ਫਿਰ ਤੰਗ ਹੋ ਕੇ ਕਰਜ਼ੇ ਚੁੱਕ ਲੈਣੇ, ਕਰਜ਼ੇ ਨਾ ਲਹੇ ਤਾਂ ਆਤਮ ਹੱਤਿਆ ਕਰਨੀ। ਇਨ੍ਹਾਂ ਮੌਤਾਂ ਦੀ ਗਿਣਤੀ ਵੀ ਮਰਦਾਂ ਦੇ ਪਾਲੇ ਵੱਲ ਹੀ ਵੱਧ ਹੈ।

ਇਨ੍ਹਾਂ ਮੌਤਾਂ ਪਿੱਛੇ ਔਰਤਾਂ ਦਾ ਕੀ ਕਸੂਰ ਹੈ? ਉਹ ਪਹਿਲਾਂ ਤਾਂ ਆਪਣੇ ਆਦਮੀਆਂ ਦਾ ਹਸਪਤਾਲਾਂ 'ਚ ਇਲਾਜ ਕਰਾਉਂਦੀਆਂ ਫਿਰਦੀਆਂ ਹਨ। ਘਰੋਂ ਪੈਸੇ ਖਰਚ ਕਰ ਕੇ ਹਸਪਤਾਲਾਂ ਦੇ ਧੱਕੇ ਖਾਂਦੀਆਂ ਹਨ। ਮਰ ਜਾਣ ਤੋਂ ਬਾਅਦ ਜਦੋਂ ਘਰ ਵਿੱਚ ਪੈਸਾ ਵੀ ਨਹੀਂ ਰਿਹਾ ਹੁੰਦਾ, ਇਸ ਸਥਿਤੀ ਵਿੱਚ ਬੱਚੇ ਪਾਲਣੇ ਸੌਖਾ ਕੰਮ ਨਹੀਂ। ਕਈ ਤਾਂ ਸਿਰ ਢੱਕਣ ਜੋਗੀ ਘਰ ਦੀ ਛੱਤ ਵੀ ਵੇਚ ਜਾਂਦੇ ਹਨ। ਉਹ ਕੱਖਾਂ ਕਾਨਿਆਂ ਦੇ ਢਾਰੇ ਹੇਠਾਂ ਸਿਮਟ ਜਾਂਦੀਆਂ ਹਨ। ਕਈ ਵਾਰ ਮਾੜੀ ਕਿਸਮਤ ਨੂੰ ਪੁੱਤ ਵੀ ਪਿਓ ਵਾਂਗ ਹੀ ਨਸ਼ਿਆਂ ਦਾ ਆਦੀ ਹੋ ਜਾਂਦਾ ਤਾਂ ਉਸ ਦੀ ਘਰ ਵਾਲੀ ਨੂੰ ਧੀਰਜ ਦਿੰਦੀ ਮਾਂ ਉਸ ਦੇ ਵੀ ਹੌਕੇ ਸੁਣਦੀ ਅਤੇ ਬੱਚੇ ਪਾਲਦੀ ਹੈ। ਪੰਜਾਬ ਦੇ ਕਿਸੇ ਸੋਗੀ ਸਮਾਗਮ 'ਤੇ ਜਾਓ ਤਾਂ ਇਹ ਸਫਿਆਨੇ ਅਤੇ ਘਸਮੈਲੇ ਰੰਗ ਦੇ ਕੱਪੜਿਆਂ ਵਿੱਚ ਔਰਤਾਂ ਦੂਰੋਂ ਹੀ ਨਜ਼ਰ ਆ ਜਾਂਦੀਆਂ ਹਨ ਜਿਨ੍ਹਾਂ ਦੇ ਚਿਹਰਿਆਂ ਦੇ ਰੰਗ ਵੀ ਧੁਆਂਖੇ ਹੋਏ ਅਤੇ ਬੁੱਲ੍ਹਾਂ 'ਤੇ ਚਿੰਤਾ ਤੇ ਬੇਵੱਸੀ ਦੀ ਚਿੱਪਰ ਜੰਮੀ ਹੋਈ ਦੂਰੋਂ ਹੀ ਦਿਸ ਪੈਂਦੀ ਹੈ। ਇਨ੍ਹਾਂ ਦੀ ਗਿਣਤੀ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਧੰਨ ਨੇ ਇਹ ਔਰਤਾਂ ਜਿਨ੍ਹਾਂ ਨੂੰ ਸਬਰ, ਸੰਤੋਖ ਅਤੇ ਅੰਦਰੂਨੀ ਤਾਕਤ ਕੁਦਰਤ ਵੱਲੋਂ ਹੀ ਮਿਲੀ ਹੁੰਦੀ ਹੈ।

ਪੰਜਾਬ ਦੇ ਕਈ ਪਿੰਡਾਂ ਵਿੱਚ ਤਾਂ ਕਈ-ਕਈ ਸਾਲਾਂ ਤੱਕ ਕੋਈ ਜੰਞ ਚੜ੍ਹਾਉਣ ਵਾਲਾ ਨੌਜਵਾਨ ਹੀ ਨਹੀਂ ਰਿਹਾ। ਸੰਨ 1914 ਦੀ ਜੰਗ ਵਿੱਚ ਅੰਗਰੇਜ਼ ਪਿੰਡਾਂ 'ਚੋਂ ਜਵਾਨਾਂ ਨੂੰ ਭਰਤੀ ਕਰਨ ਆ ਜਾਂਦਾ ਤਾਂ ਉਹ ਫਿਰ 14 ਸਾਲ ਦੇ ਮੁੰਡਿਆਂ ਨੂੰ ਵੀ ਭਰਤੀ ਕਰਨ ਲੱਗ ਪਿਆ ਸੀ। ਫਿਰ ਔਰਤਾਂ ਨੇ ਮੁੰਡੇ ਭਰਤੀ 'ਚ ਭੇਜਣੋਂ ਨਾਂਹ ਕਰ ਦਿੱਤੀ ਅਤੇ ਅੰਗਰੇਜ਼ ਨੂੰ ਕਿਹਾ, 'ਅਸੀਂ ਆਪਣੀ ਨਸਲਕੁਸ਼ੀ ਨੀ ਕਰਵਾਉਣੀ ਤੈਥੋਂ।' ਉਸ ਵੇਲੇ ਇੰਗਲੈਂਡ ਦੀ ਆਰਥਿਕ ਹਾਲਤ ਇੰਨੀ ਕਮਜ਼ੋਰ ਹੋ ਗਈ ਸੀ ਕਿ ਉਹ ਆਪਣੇ ਸਿਪਾਹੀਆਂ ਨੂੰ ਤਨਖਾਹ ਵੀ ਨਹੀਂ ਸੀ ਦੇ ਸਕਦਾ। ਇਸ ਗੱਲੋਂ ਔਖੀਆਂ ਹੋਈਆਂ ਕੁੜੀਆਂ ਗਿੱਧਿਆਂ ਵਿੱਚ ਵੀ ਬੋਲੀ ਪਾਉਣ ਲੱਗ ਪਈਆਂ ਸਨ। 'ਨਾ ਦੇਂਦਾ ਛੁੱਟੀਆਂ, ਤੇ ਨਾ ਤਲਬਾਂ ਤਾਰੇ, ਸਾਡਾ ਸਬਰ ਫਿਰੰਗੀ ਨੂੰ ਮਾਰੇ।' ਉਸ ਵਕਤ ਸਿੱਖ ਪੰਜਾਬੀ ਵੀਰਾਂ ਨੇ ਅੰਗਰੇਜ਼ ਲਈ ਜੰਗ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦੀਆਂ ਪਾਈਆਂ ਸਨ।

ਸਿੱਖ ਮਿਸਲਾਂ ਅਤੇ ਅੰਗਰੇਜ਼ਾਂ ਦੀ ਲੜਾਈ ਵਿੱਚ ਬਹੁਤ ਗਿਣਤੀ 'ਚ ਅੰਗਰੇਜ਼ ਮਾਰੇ ਗਏ ਸਨ। ਇਸ ਬਾਰੇ ਸ਼ਾਹ ਮੁਹੰਮਦ ਨੇ ਆਪਣੀ ਵਾਰ ਵਿੱਚ ਲਿਖਿਆ ਹੈ, 'ਲੰਡਨ ਹੋਇ ਬੈਠੀ ਸਾਰੀ ਰੰਡ ਮੀਆਂ।' ਭਾਵ ਲੰਡਨ ਵਿੱਚ ਇੰਨੇ ਪੁਰਸ਼ ਮਾਰੇ ਗਏ ਸਨ ਕਿ ਲੰਡਨ ਦੀਆਂ ਬਹੁਤ ਸਾਰੀਆਂ ਅੰਗਰੇਜ਼ ਔਰਤਾਂ ਵਿਧਵਾ ਹੋ ਗਈਆਂ ਸਨ। ਅੱਜ ਕੋਰੋਨਾ ਵਾਇਰਸ ਦੀ ਮਹਾਮਾਰੀ, ਜਿਸ ਨੂੰ ਤੀਜੀ ਸੰਸਾਰ ਜੰਗ ਦੇ ਸ਼ੱਕ ਨਾਲ ਵੀ ਦੇਖਿਆ ਜਾਂਦਾ ਹੈ, ਵਿੱਚ ਮਰਦਾਂ ਦੀ ਮੌਤ ਦਰ ਔਰਤਾਂ ਨਾਲੋਂ ਤਿੰਨ ਗੁਣਾਂ ਦੱਸੀ ਜਾ ਰਹੀ ਹੈ।

ਆਖਰ ਗੱਲ ਤਾਂ ਮਰਦਾਂ ਦੀ ਵੱਧ ਮੌਤ ਦਰ ਦੀ ਹੋ ਰਹੀ ਹੈ, ਜੋ ਹਮੇਸ਼ਾ ਸੰਸਾਰ ਵਿੱਚ ਮਰਦੇ ਰਹੇ ਹਨ ਅਤੇ ਪਿੱਛੇ ਆਪਣੀ ਵਿਧਵਾ ਅਤੇ ਬਾਲ ਬੱਚਿਆਂ ਨੂੰ ਛੱਡ ਜਾਂਦੇ ਹਨ। ਅਜੋਕੇ ਸਮੇਂ ਹਾਲਾਤ ਹੀ ਹੋਰ ਬਣ ਗਏ ਹਨ। ਕਈ ਔਰਤਾਂ ਨੂੰ ਇਸ ਦੁੱਖ ਭਰੇ ਮਾਹੌਲ ਵਿੱਚ ਪੁੱਛੋ ਤਾਂ ਰੋ-ਰੋ ਕੇ ਆਖਦੀਆਂ, "ਸਾਡੀਆਂ ਆਂਦਰਾਂ ਕਈ ਦੇਸ਼ਾਂ ਵਿੱਚ ਖਿੱਲਰੀਆਂ ਪਈਆਂ ਹਨ।" ਜਿਸ ਇੱਕੋ ਮਾਂ ਦੇ ਬੱਚੇ ਵੱਖ-ਵੱਖ ਦੇਸ਼ਾਂ 'ਚ ਬੈਠੇ ਨੇ, ਦੂਜਾ ਜਿਹੜਾ ਇਧਰ ਹੈ ਉਸ ਦਾ ਹਾਲ ਸਾਹਮਣੇ ਹੈ। ਬੱਸ ਇਹ ਔਰਤ ਜਾਤ ਬੱਚੇ ਜ਼ਰੂਰ ਪਾਲ ਲੈਂਦੀ ਹੈ ਜਿਸ ਕਾਰਨ ਮਨੁੱਖੀ ਨਸਲ ਅੱਜ ਤੱਕ ਬਚੀ ਰਹੀ ਹੈ। ਕੌਣ ਕਿਆਸੇ ਔਰਤ ਦੀ ਬਾਹਰਲੀ ਸੌੜ ਤੇ ਅੰਦਰਲੀ ਥੋੜ ਨੂੰ? ਜਦੋਂ ਮਰਿਆਂ ਹੋਇਆਂ ਨੂੰ ਚੁੱਕਣ ਵਾਲਾ ਵੀ ਨਜ਼ਰ ਨਹੀਂ ਆ ਰਿਹਾ ਹੁੰਦਾ।

# ਮਿੰਨੀ ਕਹਾਣੀਆਂ

## ਫੋਕੀ ਵਡਿਆਈ -ਕਮਲ ਬਰਾੜ

ਕਰਤਾਰ ਸਿਹੁੰ ਸਿਰੇ ਦਾ ਸ਼ਰਾਬੀ ਸੀ। ਉਸ ਨੇ ਆਪਣੀ ਸਾਰੀ ਉਮਰ ਨਸ਼ੇ ਵਿੱਚ ਗੁਆ ਲਈ। ਉਸ ਦਾ ਪਰਵਾਰ ਸੁੱਖ ਨਾਲ ਵੱਡਾ ਸੀ। ਦੋ ਪੁੱਤਰ ਨੂੰਹਾਂ ਪੋਤੇ ਪੜਪੋਤੇ ਸੀ। ਘਰ ਵਿੱਚ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ। ਕਰਤਾਰ ਦੀ ਘਰਵਾਲੀ ਬੰਸੋ ਉਸ ਨੂੰ ਸੰਭਾਲਦੀ ਰਹਿੰਦੀ। ਬੇਸ਼ੱਕ ਉਹ ਉਸ ਨੂੰ ਕੁੱਟਦਾ ਮਾਰਦਾ, ਪਰ ਉਹ ਸਾਰਾ ਕੁਝ ਇਹ ਸੋਚ ਕੇ ਸਹਿ ਲੈਂਦੀ ਕਿ "ਮਾੜਾ ਸਹੀ, ਫਿਰ ਵੀ ਬੰਦਾ ਤਾਂ ਮੇਰਾ ਐ।" ਕਰਤਾਰ ਨੇ ਆਪਣੀ ਸਾਰੀ ਜਾਇਦਾਦ ਸ਼ਰਾਬ ਦੇ ਲੇਖੇ ਲਾ ਦਿੱਤੀ। ਕੁਝ ਜ਼ਮੀਨ ਬਚੀ ਸੀ। ਪਰਵਾਰ ਦੁੱਧ ਵੇਚ ਕੇ ਅਤੇ ਬਾਕੀ ਬਚੀ ਜ਼ਮੀਨ 'ਤੇ ਵਾਹੀ ਕਰ ਕੇ ਗੁਜ਼ਾਰਾ ਕਰਦਾ ਸੀ।

ਕਰਤਾਰ ਸਿੰਘ ਜ਼ਿਆਦਾ ਬਿਮਾਰ ਹੋ ਗਿਆ। ਉਸ ਨੂੰ ਹਸਪਤਾਲ ਦਾਖਲ ਕਰਵਾਇਆ, ਪਰ ਕੁਝ ਦਿਨਾਂ ਬਾਅਦ ਉਸ ਦੀ ਮੌਤ ਹੋ ਗਈ। ਪਰਵਾਰ ਨੇ ਮੌਤ ਦੀਆਂ ਸਾਰੀਆਂ ਰਸਮਾਂ ਨਿਭਾ ਦਿੱਤੀਆਂ। ਭੋਗ ਵਾਲੇ ਦਿਨ ਵਧੀਆ ਰੋਟੀ ਪਾਣੀ ਦਾ ਪ੍ਰਬੰਧ ਕੀਤਾ ਗਿਆ। ਸਾਰੇ ਪਿੰਡ ਵਾਲੇ ਤੇ ਸਕੇ ਸਾਕ ਸੰਬੰਧੀ ਪਹੁੰਚੇ ਹੋਏ ਸਨ। ਕਰਤਾਰ ਸਿੰਘ ਦਾ ਇੱਕ ਦੋਸਤ ਉਸ ਬਾਰੇ ਆਖਣ ਲੱਗਾ, "ਕਰਤਾਰ ਸਿੰਘ ਵੀ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਸਵਰਗਾਂ ਦੇ ਰਾਹ ਪੈ ਗਿਆ ਹੈ। ਉਸ ਨੇ ਸਾਰੀ ਉਮਰ ਪਰਵਾਰ ਦੀ ਦੇਖਭਾਲ ਕੀਤੀ। ਜ਼ਮੀਨਾਂ ਜਾਇਦਾਦਾਂ ਬਣਾਈਆਂ। ਬਹੁਤ ਕਸ਼ਟ ਸਹੇ, ਪਰ ਪਰਵਾਰ 'ਤੇ ਕਦੇ ਭੀੜ ਨਹੀਂ ਪੈਣ ਦਿੱਤੀ।"

ਜਦੋਂ ਬੋਲਣ ਵਾਲਾ ਬੋਲਣੋਂ ਨਾ ਹਟਿਆ ਤਾਂ ਵੱਡੇ ਮੁੰਡੇ ਤੋਂ ਰਿਹਾ ਨਾ ਗਿਆ। ਉਹ ਗੁੱਸੇ ਨਾਲ ਭੜਕ ਕੇ ਉਠਿਆ ਤੇ ਆਖਿਆ, "ਬੱਸ ਕਰ ਚਾਚਾ! ਇਹਨੇ ਸਾਰਾ ਪਰਵਾਰ ਤਾਂ ਸੜਕ 'ਤੇ ਲੈ ਆਂਦਾ। ਮੇਰੀ ਮਾਂ ਨੇ ਚਾਲੀ ਸਾਲ ਇਹ ਤੋਂ ਕੁੱਟ ਖਾਧੀ। ਚੰਗਾ ਹੋ ਗਿਆ ਮੇਰੀ ਮਾਂ ਆਪਣੀ ਉਮਰ ਦੇ ਬਚੇ ਸਾਲ ਸੁੱਖ ਨਾਲ ਕੱਢ ਲਊ ਤੇ ਅਸੀਂ ਰੋਟੀ ਖਾਂਦੇ ਰਹਿ ਜਾਵਾਂਗੇ। ਇਥੇ ਤਾਂ ਉਹਨੇ ਸਾਡੀ ਸਭ ਦੀ ਜ਼ਿੰਦਗੀ ਨੂੰ ਨਰਕ ਬਣਾਈ ਰੱਖਿਆ, ਮਰ ਕੇ ਉਹਨੇ ਕਿਹੜੇ ਸਵਰਗਾਂ 'ਚ ਜਾਣੈਂ।"

ਸਾਰੇ ਘੁਸਰ ਮੁਸਰ ਕਰਦੇ ਲੰਗਰ ਛਕ ਕੇ ਚਲੇ ਗਏ।

## ਡੰਗਰਾਂ ਨਾਲ ਡੰਗਰ

-ਰਾਜਵੀਰ ਸਿੰਘ ਚੌਤਾਂ

ਬੀ ਏ ਪਾਸ ਸਤਪਾਲ ਨੇ ਨੌਕਰੀ ਲਈ ਕਈ ਵਾਰ ਕਾਗਜ਼ ਭਰੇ, ਪਰ ਕਿਤੇ ਗੱਲ ਨਾ ਬਣੀ। ਉਹ ਹੌਸਲਾ ਕਰ ਕੇ ਆਪਣੇ ਬਾਪ ਨਾਲ ਆਪਣੀ ਚਾਰ ਕੁ ਵਿੱਘੇ ਦੀ ਖੇਤੀ 'ਚ ਹੱਥ ਵਟਾਉਣ ਲੱਗਾ। ਸਾਉਣ ਮਹੀਨੇ ਦਾ ਪਹਿਲਾ ਦਿਨ ਸੀ। ਸਤਪਾਲ ਦੀ ਮਾਂ ਸਵੇਰੇ ਸਵੇਰੇ ਆਸਮਾਨ ਵਿੱਚ ਕਾਲੇ ਘਨਘੋਰ ਬੱਦਲ ਦੇਖ ਕੇ ਸਤਪਾਲ ਨੂੰ ਉਠਾਉਂਦੀ ਹੋਈ ਬੋਲੀ, "ਵੇ ਸੱਤੇ...! ਉੱਠ ਦੇਖ ਲੈ ਬੱਦਲ ਕਿਵੇਂ ਚੜ੍ਹਿਆ...। ਉੱਠ ਮੇਰਾ ਪੁੱਤ, ਚਾਹ ਦਾ ਘੁੱਟ ਪੀ ਤੇ ਖੇਤਾਂ ਨੂੰ ਚੱਲ, ਤੇਰਾ ਪਿਓ ਕਦੋਂ ਦਾ ਖੇਤ ਗਿਐ ਚਰੀ ਵੱਡਣ। ਚੱਲ ਉਠ ਮੇਰਾ ਪੁੱਤ, ਲਿਆ ਦੋ ਭਰੀਆਂ ਖੇਤੋਂ।"

ਸਤਪਾਲ ਅੱਖਾਂ ਮੱਲਦਾ ਉਠਿਆ ਤੇ ਨਲਕੇ ਵੱਲ ਹੋ ਤੁਰਿਆ। ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ, ਦਾਤਣ ਤੇ ਕੁਰਲੀ ਕਰ ਕੇ, ਚਾਹ ਪੀ ਕੇ ਤੁਰ ਪਿਆ ਖੇਤ ਨੂੰ। ਖੇਤੋਂ ਚਰੀ ਦੀ ਭਰੀ ਸਿਰ 'ਤੇ ਚੁੱਕੀ ਤੇ ਵਾਪਸ ਘਰ ਨੂੰ ਹੋ ਤੁਰਿਆ। ਅੱਧਵਾਟੇ ਮੀਂਹ ਜ਼ੋਰਾਂ ਨਾਲ ਪੈਣਾ ਸ਼ੁਰੂ ਹੋ ਗਿਆ, ਭਰਵੇਂ ਮੀਂਹ ਕਾਰਨ ਭਰੀ ਵਿੱਚੋਂ ਰਿਸਦਾ ਪਾਣੀ ਸਤਪਾਲ ਦੇ ਸਿਰ ਥਾਣੀ ਲੰਘ ਕੇ ਕੱਪੜਿਆਂ ਨੂੰ ਗੜੁੱਚ ਕਰ ਗਿਆ। ਖੇਤ ਵਾਲੇ ਕੱਚੇ ਪਹੇ ਤੋਂ ਸੜਕ 'ਤੇ ਚੜ੍ਹਦਿਆਂ ਸਾਹਮਣੇ ਡੇਢ ਕਿੱਲਾ ਜ਼ਮੀਨ ਵੇਚ ਕੇ ਕੈਨੇਡਾ ਭੇਜੇ ਹਰਿੰਦਰ ਦੀ ਮਾਂ ਨਿਰਮਲਾ ਤਾਈ ਛੱਤਰੀ ਲਈ ਹੱਥ ਵਿੱਚ ਡੋਲੂ ਫੜੀ ਦੋਧੀ ਤੋਂ ਦੁੱਧ ਲੈਣ ਲਈ ਖੜ੍ਹੀ ਸੀ। ਉਸ ਨੇ ਸਤਪਾਲ ਨੂੰ ਵੇਖਦਿਆਂ ਉਸ ਦੇ ਕਿਸੇ ਚੰਗੀ ਨੌਕਰੀ 'ਤੇ ਲੱਗਣ ਬਾਰੇ ਕਿਹਾ। ਸਤਪਾਲ "ਤਾਈ! ਕਿੱਥੇ ਮਿਲਦੀ ਐ ਨੌਕਰੀ!" ਕਹਿ ਕੇ ਅੱਗੇ ਤੁਰ ਪਿਆ।

ਨਿਰਮਲਾ ਤਾਈ ਚੱਬਵੇਂ ਜਿਹੇ ਅੰਦਾਜ਼ 'ਚ ਕਿਹਾ, "ਡੰਗਰਾਂ ਨਾਲ ਤਾਂ ਡੰਗਰ ਹੋਣਾ ਪੈਂਦਾ ਏ...।"


ਸਤਪਾਲ ਸੋਚਣ ਲੱਗਾ ਕਿ ਨਿਰਮਲਾ ਤਾਈ ਨੇ ਪਿੱਠ ਥਾਪੜੀ ਹੈ ਜਾਂ ਮਜ਼ਾਕ ਕੀਤਾ ਹੈ।

# ਪ੍ਰਸ਼ਾਂਤ ਭੂਸ਼ਨ ਨੂੰ ਸਜ਼ਾ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਰਾਖਵਾਂ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਨਿਆਂ ਪਾਲਿਕਾ ਵਿਰੁੱਧ ਟਵੀਟ ਕਰਨ ਦੇ ਲਈ ਅਦਾਲਤੀ ਮਾਣ-ਹਾਨੀ ਦੇ ਦੋਸ਼ੀ ਠਹਿਰਾਏ ਗਏ ਵਕੀਲ-ਕਾਰਕੁਨ ਪ੍ਰਸ਼ਾਂਤ ਭੂਸ਼ਣ ਨੂੰ ਦਿੱਤੀ ਜਾਣ ਵਾਲੀ ਸਜ਼ਾ ਦਾ ਫੈਸਲਾ ਕੱਲ੍ਹ ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਵਿਸਥਾਰ ਵਿੱਚ ਸੁਣਵਾਈ ਮਗਰੋਂ ਰਾਖਵਾਂ ਰੱਖ ਲਿਆ ਹੈ।

ਸੁਪਰੀਮ ਕੋਰਟ ਦੇ ਬੈਂਚ ਵਿੱਚ ਜਸਟਿਸ ਬੀ ਆਰ ਗਵਈ ਅਤੇ ਕ੍ਰਿਸ਼ਨ ਮੁਰਾਰੀ ਸ਼ਾਮਲ ਸਨ। ਪ੍ਰਸ਼ਾਂਤ ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਬੈਂਚ ਅੱਗੇ ਕਿਹਾ ਕਿ ਅਦਾਲਤ ਕਹਿ ਸਕਦੀ ਹੈ ਕਿ ਉਹ ਭੂਸ਼ਣ ਨਾਲ ਸਹਿਮਤ ਨਹੀਂ ਤੇ ਭਵਿੱਖ ਵਿੱਚ ਬਿਆਨ ਦੇਣ ਲੱਗੇ ਸੰਜਮ ਤੋਂ ਕੰਮ ਲਿਆ ਜਾਵੇ। ਉਨ੍ਹਾ ਕਿਹਾ ਕਿ ਅਦਾਲਤ ਫੈਸਲੇ ਸੁਣਾਉਣ ਵੇਲੇ ਦੱਸ ਸਕਦੀ ਹੈ ਕਿ ਕਿਸ ਤਰ੍ਹਾਂ ਦੇ ਜ਼ਾਬਤੇ ਦੀ ਪਾਲਣਾ ਕਰਨੀ ਹੈ, ਪਰ ਮੰਤਵ ਭੂਸ਼ਣ ਨੂੰ ਚੁੱਪ ਕਰਾਉਣਾ ਨਹੀਂ ਹੋਣਾ ਚਾਹੀਦਾ।

ਜਸਟਿਸ ਮਿਸ਼ਰਾ ਨੇ ਕਿਹਾ 'ਅਸੀਂ ਧੰਨਵਾਦੀ ਹਾਂ ਡਾ: ਧਵਨ। ਪ੍ਰਸ਼ਾਂਤ ਭੂਸ਼ਣ ਨੇ ਵੀ ਆਪਣੇ ਸ਼ਬਦਾਂ 'ਚ ਕਈ ਥਾਂ ਸਨਮਾਨ ਜ਼ਾਹਿਰ ਕੀਤਾ ਹੈ।' ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਦਾ ਇਹੀ ਸੁਝਾਅ ਹੈ ਕਿ ਮਾਮਲਾ ਭੂਸ਼ਣ ਨੂੰ ਸਜ਼ਾ ਦਿੱਤੇ ਬਿਨਾਂ ਨਿਬੇੜ ਦਿੱਤਾ ਜਾਵੇ। ਵਕੀਲ ਧਵਨ ਨੇ ਕਿਹਾ ਕਿ ਹੱਤਕ ਦੇ ਕੇਸ ਵਿੱਚ ਕਿਸੇ ਨੂੰ ਵੀ ਮੁਆਫੀ ਮੰਗਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨਾਲ ਹੀ ਕਿਹਾ ਕਿ ਹਾਰਲੇ ਡੇਵਿਡਸਨ ਬਾਰੇ ਭੂਸ਼ਣ ਵੱਲੋਂ ਕੀਤੀ ਟਿੱਪਣੀ ਆਲੋਚ-ਨਾ ਨਹੀਂ ਗਿਣੀ ਜਾ ਸਕਦੀ। ਵਰਨਣ ਯੋਗ ਹੈ ਕਿ ਬੈਂਚ ਨੇ ਵੀਹ ਅਗਸਤ ਨੂੰ ਭੂਸ਼ਣ ਨੂੰ ਸੋਮਵਾਰ ਤੱਕ ਦਾ ਸਮਾਂ ਦਿੱਤਾ ਅਤੇ ਆਪਣੇ ਬਿਆਨ ਉਤੇ



ਮੁੜ ਵਿਚਾਰ ਕਰਨ ਤੇ 'ਬਿਨਾਂ ਸ਼ਰਤ ਮੁਆਫੀ' ਮੰਗਣ ਲਈ ਕਿਹਾ ਸੀ। ਭੂਸ਼ਣ ਦੇ ਵਕੀਲ ਧਵਨ ਨੇ ਕਿਹਾ ਕਿ ਉਨ੍ਹਾਂ ਕੋਈ ਕਤਲ ਜਾਂ ਚੋਰੀ ਨਹੀਂ ਕੀਤੀ, ਸਜ਼ਾ ਦੇਣਾ ਬਹੁਤ ਜ਼ਿਆਦਾ ਹੋਵੇਗਾ।

ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਨਿਆਂਇਕ ਢਾਂਚਾ ਕਦ ਤੱਕ ਇਹ ਸਭ ਝੱਲੇਗਾ। ਜੱਜਾਂ ਦੀ ਆਲੋਚਨਾ ਹੁੰਦੀ ਹੈ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ। ਉਹ ਬੋਲ ਵੀ ਨਹੀਂ ਸਕਦੇ। ਸੁਪਰੀਮ ਕੋਰਟ ਅਦਾਲਤ ਨੇ ਭੂਸ਼ਣ ਦੇ ਵਕੀਲ ਨੂੰ ਕਿਹਾ ਕਿ ਉਹ ਉਨ੍ਹਾਂ ਤੋਂ ਨਿਰਪੱਖਤਾ ਦੀ ਆਸ ਰੱਖਦੇ ਹਨ। ਤੁਸੀਂ ਹਰ ਕਿਸੇ ਨੂੰ ਪਿਆਰ ਕਰਨ ਵਾਲੇ ਹੋ ਸਕਦੇ ਹੋ, ਪਰ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਨਿਰਪੱਖ ਹੋਵੋ। ਕਿਸੇ ਇੱਕ ਧਿਰ ਵੱਲ ਹੀ ਨਾ ਤੁਰੋ।

ਏਦਾਂ ਹੀ ਸੁਪਰੀਮ ਕੋਰਟ ਨੇ 2009 ਦੇ ਇੱਕ ਅਦਾਲਤੀ ਹੱਤਕ ਦੇ ਕੇਸ ਵਿੱਚ ਪ੍ਰਸ਼ਾਂਤ ਭੂਸ਼ਣ ਨੂੰ ਆਰਜ਼ੀ ਰਾਹਤ ਦਿੰਦਿਆਂ ਇਹ ਕੇਸ ਕਿਸੇ ਹੋਰ ਬੈਂਚ ਦੇ ਹਵਾਲੇ ਕਰ ਦਿੱਤਾ ਹੈ। ਇਸ ਕੇਸ ਵਿੱਚ ਪੱਤਰਕਾਰ ਤਰੁਣ ਤੇਜਪਾਲ ਵੀ ਸ਼ਾਮਲ ਹਨ। ਅਦਾਲਤ ਦੇ ਮੁਤਾਬਕ ਇਸ ਕੇਸ ਵਿੱਚ ਕਈ ਵੱਡੇ ਸਵਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੁੜੇ ਹੋਏ ਹਨ। ਭੂਸ਼ਣ ਨੇ ਨਿਆਂ ਪਾਲਿਕਾ ਦੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਸੀ। ਇਸ ਵਾਲੀਆਂ ਟਿੱਪਣੀਆਂ ਭੂਸ਼ਣ ਨੇ ਤਹਿਲਕਾ ਰਸਾਲੇ ਨੂੰ ਦਿੱਤੀ ਇੰਟਰਵਿਊ ਵਿੱਚ ਕੀਤੀਆਂ ਸਨ। ਤੇਜਪਾਲ ਓਦੋਂ ਤਹਿ-ਲਕਾ ਦੇ ਸੰਪਾਦਕ ਸਨ। ਪ੍ਰਸ਼ਾਂਤ ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਅਦਾਲਤੀ ਬੈਂਚ ਨੂੰ ਦੱਸਿਆ ਕਿ ਸੰਵਿਧਾਨਕ ਉਨ੍ਹਾਂ ਵੱਲੋਂ ਮਹੱਤਵ ਨਾਲ ਜੁੜੇ 10 ਸਵਾਲ ਉਠਾਏ ਗਏ ਹਨ ਤੇ ਇਨ੍ਹਾਂ ਬਾਰੇ ਵਿਚਾਰ ਸੰਵਿਧਾਨਕ ਬੈਂਚ ਨੂੰ ਕਰਨੀ ਬਣਦੀ ਹੈ। ਬੈਂਚ ਨੇ ਇਸ ਬਾਰੇ ਸੁਣਵਾਈ ਇਸ ਕਰ ਕੇ ਵੀ ਨਹੀਂ ਕੀਤੀ ਕਿ ਜਸਟਿਸ ਅਰੁਣ ਮਿਸ਼ਰਾ ਦੋ ਸਤੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ। ਕੋਰਟ ਨੇ ਕਿਹਾ ਕਿ ਕੇਸ 10 ਸਾਲਾਂ ਤੋਂ ਲਟਕਿਆ ਹੋਇਆ ਹੈ ਅਤੇ ਸੁਣਵਾਈ ਲਈ ਤਰੀਕ ਸਤੰਬਰ ਵਿੱਚ ਤੈਅ ਕੀਤੀ ਜਾਵੇਗੀ। ਮਾਮਲਾ ਅਗਲੀ 10 ਸਤੰਬਰ ਲਈ ਸੂਚੀਬੱਧ ਕੀਤਾ ਗਿਆ ਹੈ ਤੇ ਬੈਂਚ ਬਾਰੇ ਫੈਸਲਾ ਚੀਫ ਜਸਟਿਸ ਲੈਣਗੇ।

# ਮਾਈਂਡ ਸਪੋਰਟਸ ਓਲੰਪੀਆਡ 'ਚ ਭਾਨੂੰ ਪ੍ਰਕਾਸ਼ ਨੇ ਗੋਲਡ ਮੈਡਲ ਜਿੱਤਿਆ

* ਭਾਨੂੰ ਪ੍ਰਕਾਸ਼ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਬਣੇ

ਹੈਦਰਾਬਾਦ, 26 ਅਗਸਤ (ਪੋਸਟ ਬਿਊਰੋ)- ਹੈਦਰਾਬਾਦ ਦੇ ਵਸਨੀਕ ਨੀਲਕੰਠ ਭਾਨੂ ਪ੍ਰਕਾਸ਼ ਦੁਨੀਆ ਦੇ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਵਜੋਂ ਉਭਰੇ ਹਨ। ਲੰਡਨ ਵਿੱਚ ਪਿੱਛੇ ਜਿਹੇ ਕਰਵਾਏ ਮਾਈਂਡ ਸਪੋਰਟਸ ਓਲੰਪੀਆਡ ਵਜੋਂ ਉਨ੍ਹਾਂ ਨੇ ਮੈਂਟਲ ਕੈਲਕੁਲੇਸ਼ਨ ਵਰਲਡ ਚੈਂਪੀਅਨਸ਼ਿਪ 'ਚ ਭਾਰਤ ਲਈ ਪਹਿਲੀ ਵਾਰ ਸੋਨੇ ਦਾ ਮੈਡਲ ਜਿੱਤਿਆ। 21 ਸਾਲਾ ਭਾਨੂ ਪ੍ਰਕਾਸ਼ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨਜ਼ਲ ਕਾਲਜ ਤੋਂ ਮੈਥ ਦੀ ਗਰੈਜੂਏਸ਼ਨ ਕਰ ਰਹੇ ਹਨ।

ਭਾਨੂ ਪ੍ਰਕਾਸ਼ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਦੁਨੀਆ ਦੇ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਹੋਣ ਦੀ ਲੜੀ 'ਚ ਉਨ੍ਹਾਂ ਨੇ ਚਾਰ ਕੌਮਾਂਤਰੀ ਰਿਕਾਰਡ ਤੇ 50 ਲਿਮਕਾ ਰਿਕਾਰਡ ਬਣਾਏ



ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਦਿਮਾਗ ਕੈਲਕੁਲੇਟਰ ਤੋਂ ਤੇਜ਼ ਚੱਲਦਾ ਹੈ। ਇਹ ਰਿਕਾਰਡ ਪਹਿਲਾਂ ਸਕਾਟ ਫਲੈਂਸਬਰਗ ਤੇ ਸ਼ਕੁੰਤਲਾ ਦੇਵੀ ਵਰਗੇ ਮਹਾਨ ਮੈਥ ਮਾਹਰਾਂ ਦੇ ਨਾਂਅ ਸਨ। ਇਨ੍ਹਾਂ ਰਿਕਾਰਡਾਂ ਨੂੰ ਤੋੜਨਾ ਕੌਮੀ ਸਨਮਾਨ ਦਾ ਵਿਸ਼ਾ ਹੈ। ਭਾਨੂ ਪ੍ਰਕਾਸ਼ ਨੇ ਦੱਸਿਆ ਕਿ ਉਸ ਨੂੰ 15 ਅਗਸਤ ਨੂੰ ਲੰਡਨ ਵਿੱਚ ਕਰਵਾਏ ਮਾਈਂਡ ਸਪੋਰਟਸ ਓਲੰਪੀਆਡ ਵਿੱਚ ਸੋਨੇ ਦਾ ਮੈਡਲ ਮਿਲਿਆ ਹੈ। ਮਾਨਸਿਕ ਨਿਪੁੰਨਤਾ ਤੇ ਦਿਮਾਗੀ ਖੇਡ 'ਚ ਇਹ ਦੁਨੀਆ ਦਾ ਸਭ ਤੋਂ ਵੱਕਾਰੀ ਮੁਕਾਬਲਾ ਹਰ ਸਾਲ ਲੰਡਨ ਵਿੱਚ ਕਰਾਇਆ ਜਾਂਦਾ ਹੈ। ਮਾਈਂਡ ਸਪੋਰਟਸ ਓਲੰਪੀਆਡ ਦਾ ਪ੍ਰਬੰਧ ਵਰਚੁਅਲੀ ਕੀਤਾ ਗਿਆ। ਇਸ ਵਿੱਚ ਇਸ ਸਾਲ 57 ਸਾਲ ਤੱਕ ਦੀ ਉਮਰ ਦੇ ਤੀਹ ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਬ੍ਰਿਟੇਨ, ਜਰਮਨੀ, ਯੂ ਏ ਈ, ਗਰੀਸ ਤੇ ਲਿਬਨਾਨ ਦੇ ਲੋਕ ਸ਼ਾਮਲ ਸਨ। ਪਹਿਲੀ ਵਾਰ ਇਸ ਓਲੰਪੀਆਡ ਦਾ ਪ੍ਰਬੰਧ 1998 ਵਿੱਚ ਕੀਤਾ ਗਿਆ ਸੀ। ਭਾਨੂ ਪ੍ਰਕਾਸ਼ ਨੇ ਦੱਸਿਆ ਕਿ 65 ਅੰਕਾਂ ਨਾਲ ਉਸ ਨੂੰ ਪਹਿਲਾ ਸਥਾਨ ਮਿਲਿਆ। ਮੁਕਾਬਲੇ ਦੇ ਜੱਜ ਮੇਰੀ ਰਫਤਾਰ ਤੋਂ ਏਨੇ ਹੈਰਾਨ ਸੀ ਕਿ ਸਟੀਕਤਾ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਨੇ ਮੈਨੂੰ ਵਾਧੂ ਸਵਾਲ ਪੁੱਛੇ।

# ਨਾਬਾਲਗ ਵਿਦਿਆਰਥਣ ਦੀ ਗਲਾ ਵੱਢ ਕੇ ਹੱਤਿਆ

* ਲਖੀਮਪੁਰ ਖੀਰੀ ਵਿੱਚ 9 ਦਿਨਾਂ ਵਿਚ ਦੂਸਰੀ ਵਾਰਦਾਤ

ਲਖੀਮਪੁਰ ਖੀਰੀ, 26 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲੇ ਵਿੱਚ ਇੱਕ ਨਾਬਾਲਗ ਵਿਦਿਆਰਥਣ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ। ਵਿਦਿਆਰਥਣ ਦੀ ਲਾਸ਼ ਕੱਲ੍ਹ ਸਵੇਰੇ ਉਸ ਦੇ ਪਿੰਡ ਦੇ ਨੇੜੇ ਸੁੱਕੇ ਤਾਲਾਬ ਵਿੱਚੋਂ ਮਿਲੀ। ਘਟਨਾ ਨੀਮਗਾਂਵ ਥਾਣਾ ਖੇਤਰ ਦੀ ਹੈ। ਹੱਤਿਆ ਗਲਾ ਵੱਢ ਕੇ ਕੀਤੀ ਗਈ ਹੈ।

ਪੀੜਤ ਪਰਿਵਾਰ ਦੇ ਅਨੁਸਾਰ ਇੰਟਰਮੀਡੀਏਟ ਵਿੱਚ ਪੜ੍ਹਦੀ ਲੜਕੀ ਵਜ਼ੀਫੇ ਦਾ ਆਨਲਾਈਨ ਫਾਰਮ ਭਰਨ ਦੇ ਲਈ ਸੋਮਵਾਰ ਨੇੜਲੇ ਕਸਬੇ ਵਿੱਚ ਸਾਈਬਰ ਕੈਫੇ ਵਿੱਚ ਗਈ ਸੀ, ਪਰ ਵਾਪਸ ਨਹੀਂ ਆਈ। ਲਖੀਮਪੁਰ ਖੀਰੀ ਜ਼ਿਲੇ ਵਿੱਚ ਹੀ 16 ਅਗਸਤ ਨੂੰ 13 ਸਾਲ ਦੀ ਲੜਕੀ ਦੀ ਬਲਾਤਕਾਰ ਦੇ ਬਾਅਦ ਹੱਤਿਆ ਕਰ ਦਿੱਤੀ ਗਈ ਸੀ। ਉਥੇ ਹਾਪੁੜ ਵਿੱਚ ਛੇ ਸਾਲ ਦੀ ਇੱਕ ਬੱਚੀ ਦੇ ਨਾਲ ਬਲਾਤਕਾਰ ਕੀਤਾ ਗਿਆ ਸੀ। ਬੇਹੋਸ਼ ਮਿਲੀ ਬੱਚੀ ਦਾ ਫਿਲਹਾਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨੇ ਕੱਲ੍ਹ ਟਵਿੱਟਰ ਉਤੇ ਯੂ ਪੀ ਵਿੱਚ ਅਪਰਾਧ ਮੀਟਰ ਦਾ ਇੱਕ ਬੈਨਰ ਪੋਸਟ ਕੀਤਾ ਹੈ। ਇਸ ਵਿੱਚ 23, 24 ਅਗਸਤ ਨੂੰ ਦੋ ਦਿਨਾਂ ਵਿੱਚ ਡੇਢ ਦਰਜਨ ਤੋਂਜ਼ਿਆਦਾ ਅਪਰਾਧ ਦੇ ਮਾਮਲੇ ਦਿਖਾਏ ਹਨ। ਉਨ੍ਹਾਂ ਲਿਖਿਆ, 'ਯੂ ਪੀ ਦੇ ਮੁੱਖ ਮੰਤਰੀ ਸਰਕਾਰ ਦੀ ਸਪੀਡ ਦੱਸਦੇ ਹਨ ਅਤੇ ਅਪਰਾਧ ਦਾ ਮੀਟਰ ਉਸ ਤੋਂ ਦੁੱਗਣੀ ਸਪੀਡ ਨਾਲ ਭੱਜਦਾ ਹੈ। ਸਬੂਤ ਸਾਹਮਣੇ ਹੈ। ਇਹ ਯੂ ਪੀ ਵਿੱਚ ਦੋ ਦਿਨਾਂ ਦਾ ਅਪਰਾਧ ਦਾ ਮੀਟਰ ਹੈ।'

# ਰਿਜ਼ਰਵ ਬੈਂਕ ਨੇ ਪਿਛਲੇ ਸਾਲ ਦੋ ਹਜ਼ਾਰ ਰੁਪਏ ਦੇ ਨੋਟ ਛਾਪੇ ਹੀ ਨਹੀਂ



ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਨੇ ਸਾਲ 2019-20 ਵਿੱਚ ਦੋ ਹਜ਼ਾਰ ਰੁਪਏ ਦੇ ਨੋਟਾਂ ਦੀ ਛਪਾਈ ਹੀ ਨਹੀਂ ਕੀਤੀ। ਇਸ ਦੌਰਾਨ ਦੋ ਹਜ਼ਾਰ ਰੁਪਏ ਦੇ ਨੋਟਾਂ ਦਾ ਪ੍ਰਸਾਰ ਵੀ ਘੱਟ ਹੋਇਆ ਹੈ।

ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ ਇਹ ਜਾਣਕਾਰੀ ਆਪਣੀ ਸਾਲਾਨਾ ਰਿਪੋਰਟ ਵਿੱਚ ਦਿੱਤੀ ਤੇ ਕਿਹਾ ਕਿ ਮਾਰਚ 2018 ਤੱਕ ਬਾਜ਼ਾਰ ਵਿੱਚ ਦੋ ਹਜ਼ਾਰ ਰੁਪਏ ਦੇ ਨੋਟਾਂ ਦੀ ਗਿਣਤੀ 33,632 ਲੱਖ ਸੀ, ਜਿਹੜੀ ਮਾਰਚ 2019 ਦੇ ਖਤਮ ਹੋਣ ਤਕ 32,910 ਲੱਖ ਰਹਿ ਗਈ ਅਤੇ ਮਾਰਚ 2020 ਦੇ ਅੰਤ ਤੱਕ ਹੋਰ ਘਟ ਕੇ 27,398 ਲੱਖ ਰਹਿ ਗਈ। ਸਿਸਟਮ ਵਿੱਚ ਚੱਲਦੇ ਕੁਲ ਨੋਟਾਂ ਦੀ ਹਿੱਸੇਦਾਰੀ ਮਾਰਚ 2020 ਦੇ ਅਖ਼ੀਰ ਤੱਕ ਘੱਟ ਕੇ 2.4 ਫ਼ੀਸਦੀ 'ਤੇ ਆ ਗਈ। ਮਾਰਚ 2019 ਦੇ ਅੰਤ ਤੱਕ ਕੁਲ ਨੋਟਾਂ ਦੀ ਗਿਣਤੀ ਵਿੱਚ ਇਨ੍ਹਾਂ ਦਾ ਹਿੱਸਾ ਤਿੰਨ ਫ਼ੀਸਦੀ ਤੇ ਮਾਰਚ 2018 ਵਿੱਚ 3.3 ਫ਼ੀਸਦੀ ਸੀ। ਮੁਲ ਦੇ ਹਿਸਾਬ ਨਾਲ ਵੀ 2000 ਰੁਪਏ ਦੇ ਨੋਟਾਂ ਦੀ ਹਿੱਸੇਦਾਰੀ ਘਟੀ ਹੈ। 500 ਰੁਪਏ ਦੇ ਬੈਂਕ ਨੋਟਾਂ ਦੀ ਹਿੱਸੇਦਾਰੀ ਵਿੱਚ ਤੇਜ਼ ਵਾਧੇ ਨਾਲ ਮੁੱਲ ਅਤੇ ਗਿਣਤੀ ਦੇ ਪੱਖ ਤੋਂ 500 ਅਤੇ 200 ਰੁਪਏ ਦੇ ਨੋਟਾਂ ਦੀ ਹਿੱਸੇਦਾਰੀ ਕੁਲ ਬੈਂਕ ਨੋਟਾਂ ਵਿੱਚ ਮਾਰਚ 2020 ਤੱਕ 83.4 ਫ਼ੀਸਦੀ ਹੋ ਗਈ। ਵਿੱਤੀ ਸਾਲ 2018 ਤੋਂ 500 ਅਤੇ 200 ਰੁਪਏ ਦੇ ਨੋਟਾਂ ਦੀ ਛਪਾਈ ਵਧੀ ਹੈ। ਰਿਪੋਰਟ ਮੁਤਾਬਕ 2019-20 ਵਿੱਚ ਬੈਂਕਿੰਗ ਖੇਤਰ ਵਿੱਚ ਫੜੇ ਨਕਲੀ ਨੋਟਾਂ ਵਿੱਚੋਂ 4.6 ਫ਼ੀਸਦੀ ਰਿਜ਼ਰਵ ਬੈਂਕ ਨੇ ਫੜੇ, ਜਦ ਕਿ 95.4 ਫ਼ੀਸਦੀ ਨਕਲੀ ਨੋਟ ਹੋਰ ਬੈਂਕਾਂ ਵਲੋਂ ਫੜੇ ਗਏ। ਕੁਲ ਮਿਲਾ ਕੇ ਸਾਲ ਵਿੱਚ 2,96,695 ਨਕਲੀ ਨੋਟ ਫੜੇ ਗਏ।

# ਚਿੱਠੀ ਲਿਖਣ ਵਾਲੇ ਆਗੂਆਂ ਨੇ ਕਿਹਾ: ਅਸੀਂ ਕਾਂਗਰਸ ਦੇ ਖਿਲਾਫ ਬਗਾਵਤ ਨਹੀਂ ਕੀਤੀ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਪਾਰਟੀ ਵਿੱਚ ਸੁਧਾਰਾਂ ਦੀ ਮੰਗ 'ਤੇ ਲੋੜ ਲਈ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਹੰਗਾਮੇ ਵਾਲੀ ਬਣਾਉਣ ਤੋਂ ਇੱਕ ਦਿਨ ਪਿੱਛੋਂ ਕਾਂਗਰਸ ਦੇ ਸਿਖਰਲੇ ਆਗੂਆਂ ਦੇ ਚਿੱਠੀ ਲਿਖਣ ਵਾਲੇ 'ਗਰੁੱਪ ਆਫ 23' ਦੇ ਮੈਂਬਰਾਂ ਨੇ ਕੱਲ੍ਹ ਕਿਹਾ ਕਿ ਉਹ 'ਪਾਰਟੀ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕਰਨ ਵਾਲਿਆਂ ਵਿੱਚੋਂ ਨਹੀਂ, ਸਗੋਂ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਦੀ ਵਿਚਾਰਧਾਰਾ ਦੇ ਪ੍ਰਚਾਰਕ ਹਨ।' ਇਸ ਨੂੰ ਇੱਕ ਤਰ੍ਹਾਂ ਸਫਾਈ ਦੇਣ ਦਾ ਯਤਨ ਸਮਝਿਆ ਜਾ ਰਿਹਾ ਹੈ।

ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਵਿਵੇਕ ਤਨਖਾ ਨੇ ਕਿਹਾ ਕਿ ਪੱਤਰ ਤੋਂ ਭਾਵ ਕਾਂਗਰਸ ਲੀਡਰਸ਼ਿਪ ਨੂੰ ਚੁਣੌਤੀ ਦੇਣਾ ਨਹੀਂ, ਪਾਰਟੀ ਨੂੰ ਮਜ਼ਬੂਤ ਕਰਨਾ ਸੀ। ਸਾਬਕਾ ਕੇਂਦਰੀ ਮੰਤਰੀ ਮੁਕੁਲ ਵਾਸਨਿਕ ਨੇ ਕਿਹਾ ਕਿ ਇਸ ਪੱਤਰ ਨੂੰ ਅਪਰਾਧ ਵਜੋਂ ਵੇਖਣ ਵਾਲੇ ਲੋਕਾਂ ਨੂੰ ਛੇਤੀ ਅਹਿਸਾਸ ਹੋ ਜਾਵੇਗਾ ਕਿ ਇਸ ਵਿੱਚ ਚੁੱਕੇ ਗਏ ਮੁੱਦਿਆਂ 'ਤੇ ਗੌਰ ਕਰਨੀ ਬਣਦੀ ਹੈ। ਦੂਸਰੇ ਪਾਸੇ ਸੀਨੀਅਰ ਕਾਂਗਰਸ ਆਗੂ ਐਮ ਵੀਰੱਪਾ ਮੋਇਲੀ ਨੇ ਕਿਹਾ ਕਿ ਸੋਨੀਆ ਗਾਂਧੀ ਦੀ ਲੀਡਰਸ਼ਿਪ ਹਮੇਸ਼ਾ ਲੋੜੀਂਦੀ ਹੈ। ਉਨ੍ਹਾ ਕਿਹਾ ਕਿ ਪੱਤਰ ਦਾ ਮੁੱਖ ਮੰਤਵ ਪਾਰਟੀ ਨੂੰ 2024 ਦੀਆਂ ਲੋਕ ਸਭਾ ਚੋਣਾਂ, ਅਸੈਂਬਲੀ ਅਤੇ ਲੋਕਲ ਬਾਡੀਜ਼ ਬਾਰੇ



ਚੋਣਾਂ ਲਈ ਤਿਆਰ ਕਰਨਾ ਸੀ। ਇਸ ਚਿੱਠੀ ਉੱਤੇ ਦਸਖਤ ਕਰਨ ਵਾਲੇ ਸੀਨੀਅਰ ਕਾਂਗਰਸ ਆਗੂ ਕਪਿਲ ਸਿੱਬਲ ਨੇ ਇੱਕ ਟਵੀਟ ਵਿੱਚ ਕਿਹਾ, 'ਇਹ (ਪੱਤਰ) ਕਿਸੇ ਅਹੁਦੇ ਲਈ ਨਹੀਂ ਸੀ। ਇਹ ਮੇਰੇ ਦੇਸ਼ ਬਾਰੇ ਸੀ, ਜੋ ਮੇਰੇ ਲਈ ਸਭ ਤੋਂ ਵੱਧ ਹੈ।' ਸੀਨੀਅਰ ਪਾਰਟੀ ਆਗੂ ਆਨੰਦ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੱਤਰ ਦਾ ਮੁੱਖ ਮੰਤਵ ਸਾਂਝੀ ਚਿੰਤਾ ਜ਼ਾਹਰ ਕਰਨਾ ਸੀ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਦੇ ਅਸਤੀਫੇ ਮਗਰੋਂ ਸੋਨੀਆ ਗਾਂਧੀ ਨੂੰ ਇੱਕ ਸਾਲ ਪਹਿਲਾਂ ਇਸ ਪਾਰਟੀ ਦਾ ਅੰਤ੍ਰਿਮ ਪ੍ਰਧਾਨ ਥਾਪਿਆ ਗਿਆ ਸੀ। ਕਾਂਗਰਸ ਵਰਕਿੰਗ ਕਮੇਟੀ ਨੇ ਪਰਸੋਂ ਸੋਨੀਆ ਗਾਂਧੀ ਨੂੰ ਏ ਆਈ ਸੀ ਸੀ ਇਜਲਾਸ ਤੱਕ ਅੰਤ੍ਰਿਮ ਪ੍ਰਧਾਨ ਬਣੇ ਰਹਿਣ ਦੀ ਅਪੀਲ ਕੀਤੀ ਸੀ।

# ਅੰਬਰਸਰੀਏ ਡਰੱਗ ਸਪਲਾਇਰ ਦਾ ਸਾਲਾ ਮੁਜ਼ੱਫਰਨਗਰ ਤੋਂ ਕਾਬੂ

ਲਖਨਾਊ, 26 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਪੁਲਸ ਦੇ ਅੱਤਵਾਦ ਵਿਰੋਧੀ ਦਸਤੇ (ਯੂ ਪੀ ਏ ਟੀ ਐਸ) ਨੇ ਅੰਤਰਰਾਸ਼ਟਰੀ ਪੱਧਰ 'ਤੇ ਨਸ਼ੀਲੇ ਪਦਰਾਥਾਂ ਦੀ ਤਸਕਰੀ ਕਰਨ ਵਾਲੇ ਗੈਂਗ ਦੇ ਸੰਚਾਲਕ ਨਵਪ੍ਰੀਤ ਸਿੰਘ ਦੇ ਸਪਲਾਇਰ ਰਜਿੰਦਰ ਸਿੰਘ ਦੇ ਸਹਿਯੋਗੀ ਨੂੰ ਮੁਜਫਰਨਗਰ ਦੇ ਨਵੀਂ ਮੰਡੀ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਹੈ।

ਏ ਟੀ ਐਸ ਦੇ ਬੁਲਾਰੇ ਨੇ ਦੱਸਿਆ ਕਿ ਦੁਬਈ ਵਾਲੇ ਅੰਤਰਰਾਸ਼ਟਰੀ ਡਰੱਗ ਸੰਚਾਲਕ ਨਵਪ੍ਰੀਤ ਸਿੰਘ ਦੇ ਪੰਜਾਬ ਵਿੱਚ ਡਰੱਗ ਸਪਲਾਇਰ ਅੰਮ੍ਰਿਤਸਰ ਦੇ ਮੁਹੱਲਾ ਸ਼ੇਖੂਪੁਰ, ਜੰਡਿਆਲਾ ਗੁਰੂ ਦੇ ਵਸਨੀਕ ਰਾਜਿੰਦਰ ਸਿੰਘ ਉਰਫ ਮਿੱਠੂ ਉਰਫ ਗਾਂਜਾ ਨੂੰ ਪੰਜਾਬ ਪੁਲਸ ਨੇ 19 ਅਗਸਤ ਨੂੰ ਗ੍ਰਿਫ਼ਤਾਰ ਕਰ ਉਸ ਦੇ ਕਬਜ਼ੇ ਤੋਂ 530 ਗ੍ਰਾਮ ਹੈਰੋਇਨ ਅਤੇ 32 ਬੋਰ ਦੀ ਪਿਸਟਲ ਬਰਾਮਦ ਕੀਤੀ ਸੀ। ਇਸ ਬਾਰੇ ਮੁਹਾਲੀ ਥਾਣੇ ਵਿੱਚ ਐਸ ਐਸ ਓ ਸੀ ਦਾ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਛਗਿਛ ਦੌਰਾਨ ਪਤਾ ਲੱਗਾ ਹੈ ਕਿ ਰਾਜਿੰਦਰ ਸਿੰਘ ਵੱਲੋਂ ਅੱਜ ਤੱਕ ਲੱਗਭਗ 500 ਕਿਲੋ ਗ੍ਰਾਮ ਹੈਰੋਇਨ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਪੰਜਾਬ ਪੁਲਸ ਵੱਲੋਂ ਦਿੱਤੀ ਸੂਚਨਾ ਉੱਤੇ ਡਰੱਗ ਸਪਲਾਇਰ ਰਜਿੰਦਰ ਸਿੰਘ ਦੇ ਮੁੱਖ ਸਹਿਯੋਗੀ ਉਸ ਦੇ ਸਾਲੇ ਚਿਰਾਗ ਰਾਠੀ ਵਾਸੀ ਕੁਕੜਾਂ, ਨਵੀਂ ਮੰਡੀ ਮੁਜਫਰਨਗਰ ਨੂੰ ਏ ਟੀ ਐਸ ਨੇ ਕੱਲ੍ਹ ਉਸ ਦੇ ਪਿੰਡ ਤੋਂ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਵਿੱਚ ਚਿਰਾਗ ਰਾਠੀ ਨੇ ਦੱਸਿਆ ਕਿ ਉਸ ਦੇ ਜੀਜਾ ਰਜਿੰਦਰ ਸਿੰਘ ਦੇ ਕਹਿਣ ਉੱਤੇ ਡਰੱਗ ਦੇ ਧੰਦੇ ਵਿਚ ਆਇਆ ਤੇ ਇੱਕ ਕਰੋੜ 20 ਲੱਖ ਰੁਪਏ ਤਿੰਨ ਕਿਸਤਾਂ ਵਿੱਚ ਉਸ ਨੇ ਖੇਤੀ ਯੋਗ ਜ਼ਮੀਨ ਖਰੀਦਣ ਦੇ ਲਈ ਵੱਖ-ਵੱਖ ਲਕਾਂ ਦੇ ਬੈਂਕ ਖਾਤਿਆਂ ਵਿੱਚ ਪਵਾਏ ਹਨ। ਪੰਜਾਬ ਪੁਲਸ ਅਤੇ ਯੂ ਪੀ ਏ ਟੀ ਦੀ ਸਾਂਝੀ ਕਾਰਵਾਈ ਵਿੱਚ ਉਸ ਪੈਸੇ ਵਿੱਚੋਂ ਕਰੀਬ 65 ਲੱਖ ਰੁਪਏ ਬੈਂਕ ਖਾਤਿਆਂ ਵਿੱਚ ਸੀਜ ਕਰ ਦਿੱਤੇ ਗਏ।

# ਲਠੈਤਾਂ ਵੱਲੋਂ ਪੱਤਰਕਾਰ ਦਾ ਕਤਲ, ਪੁਲਸ ਮੁਤਾਬਕ ਗੁਆਂਢੀ ਨਾਲ ਜ਼ਮੀਨ-ਜਾਇਦਾਦ ਦਾ ਝਗੜਾ

ਬਲੀਆ, 26 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਲੀਆ ਵਿੱਚ ਇੱਕ ਹਿੰਦੀ ਖਬਰ ਚੈਨਲ ਦੇ ਪੱਤਰਕਾਰ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਕੇਸ ਵਿੱਚ ਇੱਕ ਪੁਲਸ ਅਧਿਕਾਰੀ ਨੂੰ ਸਸਪੈਂਡ ਕੀਤਾ ਗਿਆ ਹੈ ਤੇ ਛੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮ੍ਰਿਤਕ ਦੀ ਪਛਾਣ ਰਤਨ ਸਿੰਘ (45) ਵਜੋਂ ਹੋਈ ਹੈ। ਸੋਮਵਾਰ ਰਾਤ ਉਸ ਦੇ ਫੇਫਾਣਾ ਥਾਣਾ ਇਲਾਕੇ ਵਿੱਚ ਗੋਲੀ ਮਾਰੀ ਗਈ ਹੈ। ਥਾਣਾ ਇੰਚਾਰਜ ਸ਼ਸ਼ੀ ਮੌਲੀ ਪਾਂਡੇ ਸਸਪੈਂਡ ਕਰ ਕੇ ਬਾਕੀ ਦੋਸ਼ੀ ਗ੍ਰਿਫਤਾਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਮ੍ਰਿਤਕ ਦੇ ਪਿਤਾ ਨੇ ਦਸ ਜਣਿਆਂ ਖਿਲਾਫ ਸ਼ਿਕਾਇਤ ਦਰਜ ਕੀਤੀ ਹੈ। ਪੁਲਸ ਨੇ ਹਾਲੇ ਤੱਕ ਛੇ ਜਣਿਆਂ ਸੁਸ਼ੀਲ ਸਿੰਘ, ਦਿਨੇਸ਼ ਸਿੰਘ ਤੇ ਵਿਨੈ ਸਿੰਘ ਨੂੰ ਫੜਿਆ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਮ੍ਰਿਤਕ ਪੱਤਰਕਾਰ ਦੇ ਪਰਿਵਾਰ ਨੂੰ 10 ਲੱਖ ਰੁਪਏ ਮਾਲੀ ਮਦਦ ਦੇਣ ਦਾ ਐਲਾਨ ਕੀਤਾ ਹੈ।

ਏ ਐਸ ਪੀ ਸੰਜੇ ਯਾਦਵ ਦੇ ਮੁਤਾਬਕ ਮ੍ਰਿਤਕ ਦੇ ਪਿਤਾ ਵਿਨੋਦ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਸੋਨੂੰ ਸਿੰਘ ਨੇ ਰਾਤ ਅੱਠ ਵਜੇ ਆਪਣੇ ਘਰ ਸੱਦਿਆ। ਉਥੇ ਦੋਸ਼ੀ ਪਹਿਲਾਂ ਹੀ ਲਾਠੀਆਂ ਤੇ ਪਿਸਤੌਲ ਨਾਲ ਮੌਜੂਦ ਸਨ। ਉਨ੍ਹਾਂ ਕੁੱਟਮਾਰ ਕਰਨ ਪਿੱਛੋਂ ਰਤਨ ਸਿੰਘ ਨੂੰ ਗੋਲੀ ਮਾਰ ਦਿੱਤੀ। ਬਲੀਆ ਵਰਕਿੰਗ ਪੱਤਰਕਾਰ ਯੂਨੀਅਨ ਨੇ ਸਰਕਾਰ ਤੋਂ ਇੱਕ ਕਰੋੜ ਰੁਪਏ ਐਕਸਗ੍ਰੇਸ਼ੀਆ ਮਦਦ ਦੇਣ ਅਤੇ ਮ੍ਰਿਤਕ ਦੀ ਪਤਨੀ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ। ਐਡੀਸ਼ਨਲ ਡੀ ਜੀ ਪੀ (ਕਾਨੂੰਨ ਤੇ ਵਿਵਸਥਾ) ਪ੍ਰਸ਼ਾਂਤ ਕੁਮਾਰ ਮੁਤਾਬਕ ਸੋਮਵਾਰ ਰਾਤ ਰਤਨ ਸਿੰਘ ਦਾ ਆਪਣੇ ਗੁਆਂਢੀ ਨਾਲ ਜ਼ਮੀਨ-ਜਾਇਦਾਦ ਬਾਰੇ ਝਗੜਾ ਹੋਇਆ ਸੀ। ਦੋਵਾਂ ਵਿਚਾਲੇ ਪੁਰਾਣੀ ਰੰਜਿਸ਼ ਸੀ ਤੇ ਲੜਾਈ ਮਗਰੋਂ ਉਨ੍ਹਾਂ ਉਸ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਕਿਹਾ ਕਿ ਉਸ ਦੇ ਪੱਤਰਕਾਰ ਹੋਣ ਦਾ ਇਸ ਕਤਲ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਮੁਲਜ਼ਮਾਂ ਵਿਰੁੱਧ ਐਨ ਐਸ ਏ ਤੇ ਗੈਂਗਸਟਰ ਐਕਟ ਲਾਉਣਾ ਯਕੀਨੀ ਬਣਾਇਆ ਜਾਵੇਗਾ।

## ਪਹਿਲਾਂ ਬਰਖ਼ਾਸਤ ਥਾਣੇਦਾਰ ਕਿਸ ਦੀ ਸ਼ਿਫ਼ਾਰਸ਼ 'ਤੇ ਬਹਾਲ ਹੋ ਕੇ ਲੱਗਾ ਸੀ

ਤਰਨ ਤਾਰਨ, 26 ਅਗਸਤ (ਪੋਸਟ ਬਿਊਰੋ)- ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਹੱਦੀ ਜ਼ਿਲ੍ਹਾ ਤਰਨ ਤਾਰਨ ਦੇ ਇੱਕ ਥਾਣੇਦਾਰ ਦੀ ਚਿੱਟਾ ਪੀਣ ਦੀ ਵੀਡੀਓ ਚਰਚਾ ਵਿੱਚ ਆਉਣ ਤੋਂ ਬਾਅਦ ਉਸ ਥਾਣੇਦਾਰ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦਾ ਮਾਮਲਾ ਭਖਦਾ ਜਾ ਰਿਹਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ੋਸ਼ਲ ਮੀਡੀਏ 'ਤੇ ਫੈਲੀ ਵੀਡੀਓ 'ਤੇ ਤੁਰੰਤ ਕਾਰਵਾਈ ਕਰ ਦਿੱਤੀ ਸੀ, ਪਰ ਇਹ ਕੇਸ ਇੱਕ ਸਾਲ ਪੁਰਾਣਾ ਹੈ। ਪਹਿਲਾਂ ਵੀ ਉਕਤ ਥਾਣੇਦਾਰ ਨੂੰ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਨੇ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਤੇ ਉਸ ਦੇ ਖ਼ਿਲਾਫ਼ ਐਨ ਡੀ ਪੀ ਐਸ ਐਕਟ ਦਾ ਕੇਸ ਦਰਜ ਕੀਤਾ ਤਾਂ ਪੁਲਸ ਨੇ ਉਸ ਨੂੰ ਨੌਕਰੀ ਤੋਂ ਬਰਖਾਸਤ ਕਰਨ ਦਾ ਦਾਅਵਾ ਕੀਤਾ ਸੀ। ਫਿਰ ਇਹ ਥਾਣੇਦਾਰ ਬਹਾਲ ਕਿਵੇਂ ਹੋ ਗਿਆ ਤੇ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਥਾਣੇ ਸਰਾਏ ਅਮਾਨਤ ਖਾਂ ਵਿਖੇ ਕਿਸ ਤਰ੍ਹਾਂ ਤਾਇਨਾਤ ਹੋ ਗਿਆ? ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। 12 ਅਗਸਤ 2019 ਨੂੰ ਇੰਸਪੈਕਟਰ ਵਰਮੀਤ ਸਿੰਘ ਨੇ ਥਾਣਾ ਘਰਿੰਡਾ ਵਿਖੇ ਏ ਐਸ ਆਈ ਅਵਤਾਰ ਸਿੰਘ ਅਤੇ ਏ ਐਸ ਆਈ ਜੋਰਾਵਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਥਾਣਾ ਘਰਿੰਡਾ ਵਿਖੇ ਮਾਮਲਾ ਦਰਜ ਕੀਤਾ ਸੀ। ਕੇਸ ਮੁਤਾਬਿਕ ਐਸ ਟੀ ਐਫ ਬਾਰਡਰ ਰੇਂਜ ਦੇ ਇੰਸਪੈਕਟਰ ਵਰਮੀਤ ਸਿੰਘ ਆਪਣੇ ਹੋਰਨਾਂ ਕਰਮਚਾਰੀਆਂ ਸਮੇਤ ਚੌਕ ਭਕਨਾ ਕਲਾਂ ਤੋਂ ਚੌਕੀ ਲਾਹੌਰੀ ਮੱਲ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਮੁਖਬਰ ਨੇ ਸੂਚਨਾ ਦਿੱਤੀ ਕਿ ਥਾਣਾ ਘਰਿੰਡਾ ਵਿੱਚ ਤਾਇਨਾਤ ਏ ਐਸ ਆਈ ਅਵਤਾਰ ਸਿੰਘ ਅਤੇ ਏ ਐਸ ਆਈ ਜੋਰਾਵਾਰ ਸਿੰਘ ਹੈਰੋਇਨ ਦਾ ਨਸ਼ਾ ਕਰਦੇ ਹਨ।

## ਭਾਈ ਢੱਡਰੀਆਂ ਵਾਲੇ ਦਾ ਪ੍ਰਤੀਕ੍ਰਮ : ਇਕ ਰਾਜਸੀ ਆਗੂ ਨਾਲ ਗੱਲ ਕਰਨ ਦੀ ਸ਼ਰਤ 'ਤੇ ਫ਼ੈਸਲਾ ਰੋਕਣ ਦੀ ਪੇਸ਼ਕਸ਼ ਹੋਈ ਸੀ

ਸੰਗਰੂਰ, 26 ਅਗਸਤ (ਪੋਸਟ ਬਿਊਰੋ)- ਸਿੱਖ ਪ੍ਰਚਾਰਕ ਅਤੇ ਗੁਰਦੁਆਰਾ ਪ੍ਰਮੇਸ਼ਰ ਦੁਆਰ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਹੈ ਕਿ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਫ਼ੈਸਲਾ ਲੈਣ 'ਚ ਪੱਖਪਾਤੀ ਰੁਖ ਅਪਣਾਇਆ ਜਾ ਰਿਹਾ ਹੈ ਕਿਉਂਕਿ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਉਨ੍ਹਾਂ ਖ਼ਿਲਾਫ਼ ਤਾਂ ਕਾਰਵਾਈ ਕਰਦਿਆਂ ਉਨ੍ਹਾਂ ਦਾ ਸਮਾਜਿਕ ਕਤਲ ਕਰਨ ਦਾ ਫ਼ਰਮਾਨ ਜਾਰੀ ਕਰ ਦਿੱਤਾ ਗਿਆ ਅਤੇ ਵੱਡੇ ਸਿਆਸੀ ਨੇਤਾਵਾਂ ਦਾ ਸਿਰ 'ਤੇ ਹੱਥ ਹੋਣ ਕਾਰਨ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਮੁੱਦੇ 'ਤੇ ਅਕਾਲ ਤਖ਼ਤ ਦੇ ਜਥੇਦਾਰ ਨੇ ਮਹਿਜ਼ ਅਸਹਿਮਤੀ ਪ੍ਰਗਟ ਕਰਦਿਆਂ ਇਹ ਮੁੱਦਾ ਹੀ ਖ਼ਤਮ ਕਰ ਦਿੱਤਾ ਹੈ।

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਗੁਰਦੁਆਰਾ ਪ੍ਰਮੇਸ਼ਰ ਦੁਆਰ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਜਿਨਾਂ ਸਿਆਸੀ ਨੇਤਾਵਾਂ ਦੇ ਹੱਥ ਵਿੱਚ ਸ੍ਰੀ ਅਕਾਲ ਤਖ਼ਤ ਦੀ ਡੋਰ ਹੈ ਉਹ ਕਿਸੇ ਵੀ ਵਿਅਕਤੀ ਨੂੰ ਓਥੋਂ ਦਾ ਜਥੇਦਾਰ ਨਿਯੁਕਤ ਕਰਨ ਲਈ ਪਹਿਲਾਂ ਉਸ ਦੀ ਗ਼ੁਲਾਮੀ ਪਰਖਦੇ ਤੇ ਫਿਰ ਨਿਯੁਕਤੀ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਤਾਜ਼ਾ ਫ਼ੈਸਲਾ ਸੁਣਾ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਯੋਗਤਾ ਦਾ ਸਬੂਤ ਦੇ ਦਿੱਤਾ ਹੈ ਤੇ ਕੁਝ



ਦਿਨਾਂ ਅੰਦਰ ਉਨ੍ਹਾਂ ਨੂੰ ਪੱਕੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਬਣਾ ਦਿੱਤਾ ਜਾਵੇਗਾ। ਢੱਡਰੀਆਂ ਵਾਲਿਆਂ ਅਨੁਸਾਰ ਪਿਛਲੇ ਲਗਭਗ ਪੰਜ ਸਾਲ ਤੋਂ ਸਿਆਸੀ ਆਗੂ ਉਨ੍ਹਾਂ ਉਤੇ ਬਾਬਾ ਹਰਨਾਮ ਸਿੰਘ ਧੂੰਮਾ ਦੇ ਧੜੇ ਨਾਲ ਸਮਝੌਤਾ ਕਰ ਲੈਣ ਦਾ ਦਬਾਅ ਪਾ ਰਹੇ ਹਨ, ਪਰ ਤਰਕ 'ਤੇ ਗੱਲਬਾਤ ਕਰਨ ਲਈ ਕੋਈ ਤਿਆਰ ਨਹੀਂ।

ਇਸ ਮੌਕੇ ਭਾਈ ਰਣਜੀਤ ਸਿੰਘ ਨੇ ਇੱਕ ਵੱਡਾ ਖ਼ੁਲਾਸਾ ਕੀਤਾ ਕਿ ਜਦੋਂ ਜਥੇਦਾਰ ਉਨ੍ਹਾਂ ਦੇ ਮੁੱਦੇ 'ਤੇ ਫ਼ੈਸਲਾ ਲੈ ਰਹੇ ਸਨ, ਉਸ ਵਕਤ ਵੀ ਉਨ੍ਹਾਂ ਨੂੰ ਫ਼ੋਨ ਉਤੇ ਇੱਕ ਵੱਡੇ ਸਿਆਸੀ ਆਗੂ ਨਾਲ ਗੱਲ ਕਰ ਕੇ ਫ਼ੈਸਲਾ ਰੋਕਣ ਦੀ ਪੇਸ਼ਕਸ਼ ਕੀਤੀ ਗਈ ਸੀ। ਸਿੱਖ ਰਹਿਤ ਮਰਿਆਦਾ ਬਾਰੇ ਉਨ੍ਹਾਂ ਕਿਹਾ ਕਿ ਲੱਗਭਗ ਸਾਰੇ ਸਿੱਖ ਡੇਰ-ਿਆਂ ਦੇ ਬਾਬਿਆਂ ਵੱਲੋਂ ਆਪੋ-ਆਪਣੀਆਂ ਵੱਖਰੀਆਂ ਮਰਿਆਦਾਵਾਂ ਬਣਾਈਆਂ ਗਈਆਂ ਹਨ, ਪਰ ਇਸ ਮੁੱਦੇ ਉਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਦੇ ਵੀ ਬੋਲਣ ਨੂੰ ਤਿਆਰ ਨਹੀਂ।

# ਹਸਪਤਾਲਾਂ ਉੱਤੇ ਕੋਰੋਨਾ ਮ੍ਰਿਤਕਾਂ ਦਾ ਸਾਮਾਨ ਹੜੱਪਣ ਦਾ ਦੋਸ਼

ਪਟਿਆਲਾ, 26 ਅਗਸਤ (ਪੋਸਟ ਬਿਊਰੋ)- ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਕੋਰੋਨਾ ਵਾਇਰਸ ਨਾਲ ਮੌਤ ਦੇ ਮੂੰਹ ਵਿੱਚ ਜਾਣ ਵਾਲੇ ਕੁਝ ਮ੍ਰਿਤਕਾਂ ਦੇ ਵਾਰਸਾਂ ਨੂੰ ਉਨ੍ਹਾਂ ਦਾ ਸਾਮਾਨ ਵਾਪਸ ਨਾ ਮਿਲਣ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ। ਪਹਿਲਾਂ ਵੀ ਕੁਝ ਮ੍ਰਿਤਕਾਂ ਦੇ ਪਰਿਵਾਰਾਂ ਨੇ ਇਹ ਮੁੱਦਾ ਉਠਾਇਆ ਸੀ। ਕੱਲ੍ਹ ਮ੍ਰਿਤਕਾ ਦੇ ਪਤੀ ਨੇ ਹਸਪਤਾਲ ਦੇ ਕੋਵਿਡ ਕੇਅਰ ਸੈਂਟਰ ਦੀ ਇੰਚਾਰਜ ਸੁਰਭੀ ਮਲਿਕ (ਆਈ ਏ ਐਸ) ਕੋਲ ਇਹ ਹੀ ਸ਼ਿਕਾਇਤ ਕੀਤੀ ਹੈ।

ਸ਼ਿਕਾਇਤ ਕਰਤਾ ਗੱਜਣ ਸਿੰਘ ਨੇ ਕਿਹਾ ਕਿ 19 ਅਗਸਤ ਨੂੰ ਕੋਰੋਨਾ ਵਾਰਡ ਵਿੱਚ ਦਾਖਲ ਕਰਵਾਈ ਉਸ ਦੀ ਪਤਨੀ ਦੀ 21 ਅਗਸਤ ਨੂੰ ਮੌਤ ਹੋ ਗਈ ਸੀ। ਵਾਰਡ ਵਿੱਚ ਦਾਖਲ ਰਹਿਣ ਮੌਕੇ ਉਸ ਕੋਲ ਮੌਜੂਦ ਮੋਬਾਈਲ, ਪਾਵਰ-ਬੈਕ, ਥਰਮਸ ਅਤੇ ਇਲੈਕਟ੍ਰੋਨਿਕ ਕੈਟਲ ਆਦਿ ਵਸਤਾਂ ਸਨ, ਜੋ ਅਜੇ ਤੱਕ ਨਹੀਂ ਮਿਲੀਆਂ। ਇਸ ਸਬੰਧੀ ਉਹ ਕੰਟਰੋਲ ਰੂਮ ਨਾਲ ਵੀ ਸੰਪਰਕ ਕਰ ਚੁੱਕੇ ਹਨ। ਸ਼ਿਕਾਇਤ ਕਰਤਾ ਨੇ ਵਾਰਡ ਵਿੱਚ ਉਸ ਦੀ ਪਤਨੀ ਦਾ ਢੁੱਕਵਾਂ ਇਲਾਜ ਨਾ ਹੋਣ ਅਤੇ ਢੁੱਕਵਾਂ ਖਾਣਾ ਨਾ ਮਿਲਣ ਦੇ ਦੋਸ਼ ਵੀ ਲਾਏ ਅਤੇ ਕਿਹਾ ਕਿ ਉਸ ਦੀ ਪਤਨੀ ਫੋਨ ਕਰ ਕੇ ਉਨ੍ਹਾਂ ਨੂੰ ਦੱਸਦੀ ਰਹੀ ਕਿ ਉਸ ਦਾ ਸਾਹ ਘੁੱਟ ਰਿਹਾ ਹੈ, ਪਰ ਵਾਰਡ ਵਿੱਚ ਕੋਈ ਉਸ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਗੱਜਣ ਸਿੰਘ ਨੇ ਇਸ ਦੀ ਉਚ ਪੱਧਰੀ ਜਾਂਚ ਕਰਵਾ ਕੇ ਜ਼ਿੰਮੇਵਾਰਾਂ ਦੇ ਖਿਲਾਫ ਬਣਦੀ ਕਾਰਵਾਈ ਦੀ ਮੰਗ ਕੀਤੀ ਹੈ।

ਦੂਸਰੇ ਪਾਸੇ ਇੱਕ ਹਫਤਾ ਕੋਰੋਨਾ ਵਾਰਡ ਵਿੱਚ ਦਾਖਲ ਰਹਿਣ ਮਗਰੋਂ ਪੰਜ ਦਿਨ ਪਹਿਲਾਂ ਗੁਜ਼ਰ ਗਏ ਪਟਿਆਲਾ ਦੇ ਵਸਨੀਕ ਹਾਕਮ ਸਿੰਘ ਭੰਗੂ (50) ਦਾ ਮੋਬਾਈਲ, ਬੈਗ ਅਤੇ ਹੋਰ ਵਸਤਾਂ ਅਜੇ ਤੱਕ ਪਰਿਵਾਰ ਨੂੰ ਨਹੀਂ ਮਿਲੀਆਂ। ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਕੁਝ ਹੋਰ ਲੋਕਾਂ ਦੀਆਂ ਹਨ। ਕੋਰੋਨਾ ਵਾਰਡ ਵਿੱਚ ਦਾਖਲ ਕੁਝ ਮਰੀਜ਼ਾਂ ਦੇ ਵਾਰਸਾਂ ਵੱਲੋਂ ਮਰੀਜ਼ਾਂ ਦੀ ਸੁਚੱਜੀ ਦੇਖਭਾਲ ਅਤੇ ਖਾਣੇ ਦੇ ਢੁੱਕਵੇਂ ਪ੍ਰਬੰਧ ਨਾ ਹੋਣ ਦੇ ਦੋਸ਼ਾਂ ਤਹਿਤ ਵਾਰਡ ਦੇ ਬਾਹਰ ਸਮੇਂ ਸਮੇਂ 'ਤੇ ਰੋਸ ਪ੍ਰਦਰਸ਼ਨ ਵੀ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਕੁਮਾਰ ਅਮਿਤ ਅਤੇ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾਕਟਰ ਪਾਰਸ ਪਾਂਡਵ ਸਮੇਤ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਾਰਡ ਵਿੱਚ ਦਾਖਲ ਮਰੀਜ਼ਾਂ ਦੀ ਸੁਚੱਜੀ ਦੇਖਭਾਲ ਕੀਤੀ ਜਾਂਦੀ ਤੇ ਸਮੇਂ ਸਿਰ ਖਾਣਾ ਦਿੱਤਾ ਜਾ ਰਿਹਾ ਹੈ। ਕੋਵਿਡ ਕੇਅਰ ਸੈਂਟਰ ਦੀ ਇੰਚਾਰਜ ਸੁਰਭੀ ਮਲਿਕ ਨੇ ਸੰਪਰਕ ਕਰਨ 'ਤੇ ਗੱਜਣ ਸਿੰਘ ਦੀ ਸ਼ਿਕਾਇਤ ਮਿਲਣ ਦੀ ਪੁਸ਼ਟੀ ਕਰਦਿਆਂ ਇਸ ਮਾਮਲੇ ਦੀ ਘੋਖ ਕਰਨ ਦੀ ਗੱਲ ਆਖੀ ਹੈ।

## ਡਰਾਈਵਿੰਗ ਲਾਇਸੈਂਸ, ਆਰ ਸੀ ਅਤੇ ਪਰਮਿਟਾਂ ਦੀ ਮਿਆਦ ਵਿੱਚ ਵਾਧਾ ਜਾਰੀ ਰਹੇਗਾ



ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਜਿਨਾਂ ਪੰਜਾਬ ਵਾਸੀਆਂ, ਟਰਾਂਸਪੋਰਟਰਾਂ ਜਾਂ ਹੋਰ ਸੰਸਥਾਵਾਂ ਦੇ ਡਰਾਈਵਿੰਗ ਲਾਇਸੰਸਾਂ, ਆਰ ਸੀਜ਼ ਜਾਂ ਪਰਮਿਟਾਂ ਦੀ ਮਿਆਦ 1 ਫਰਵਰੀ 2020 ਤੋਂ ਮੁੱਕ ਚੁੱਕੀ ਹੈ ਅਤੇ ਕੋਵਿਡ-19 ਕਾਰਨ ਉਹ ਹਾਲੇ ਇਨ੍ਹਾਂ ਨੂੰ ਰਿਨਿਊ ਨਹੀਂ ਕਰਵਾ ਸਕੇ, ਜੋ ਉਨ੍ਹਾਂ ਦੇ ਡਰਾਈਵਿੰਗ ਲਾਇਸੈਂਸ, ਰਜਿਸਟ੍ਰੇਸ਼ਨ ਸਰਟੀਫਿਕੇਟ (ਆਰ ਸੀ) ਅਤੇ ਪਰਮਿਟ ਆਦਿ ਦੀ ਮਿਆਦ 1 ਫਰਵਰੀ 2020 ਤੋਂ ਬਾਅਦ ਜਾਂ 31 ਦਸੰਬਰ 2020 ਤੱਕ ਖ਼ਤਮ ਹੋਣੀ ਹੈ, ਉਨ੍ਹਾਂ ਨੂੰ 31 ਦਸੰਬਰ 2020 ਤੱਕ ਜਾਇਜ਼ ਮੰਨਿਆ ਜਾਵੇਗਾ।

ਪੰਜਾਬ ਦੀ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਬਣੇ ਗੰਭੀਰ ਹਾਲਾਤ ਵਿੱਚ ਕੇਂਦਰੀ ਸੜਕ ਆਵਾਜਾਈ ਤੇ ਹਾਈਵੇਜ਼ ਮੰਤਰਾਲੇ ਵੱਲੋਂ ਕੱਲ੍ਹ ਇਸ ਬਾਰੇ ਤਾਜ਼ਾ ਹਦਾਇਤਾਂ ਜਾਰੀ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹਦਾਇਤਾਂ ਬਾਰੇ ਪੱਤਰ ਟਰਾਂਸਪੋਰਟ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੇ ਪੰਜਾਬ ਦੇ ਡੀ ਜੀ ਪੀ ਨੂੰ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਏ ਡੀ ਜੀ ਪੀ (ਟ੍ਰੈਫਿਕ), ਸਾਰੇ ਡਿਪਟੀ ਕਮਿਸ਼ਨਰਾਂ, ਸਾਰੇ ਐਸ ਐਸ ਪੀਜ਼ ਅਤੇ ਟਰਾਂਸਪੋਰਟ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਵੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਤਾਂ ਜੋ ਆਮ ਨਾਗਰਿਕਾਂ ਨੂੰ ਕਿਸੇ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਨਾਬਾਲਗ ਵਲੋਂ ਚਾਕੂ ਮਾਰ ਕੇ ਸਾਥੀ ਦਾ ਕਤਲ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਨੇੜਲੇ ਪਿੰਡ ਹੱਲੋ ਮਾਜਰਾ ਦੇ ਦੀਪ ਕੰਪਲੈਕਸ 'ਚ ਮਾਮੂਲੀ ਝਗੜੇ ਨੂੰ ਲੈ ਕੇ ਇੱਕ ਨਾਬਾਲਗ ਨੇ ਦੂਜੇ ਨਾਬਾਲਗ ਬੱਚੇ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਵਾਰਦਾਤ ਤੋਂ ਬਾਅਦ ਨਾਬਾਲਗ ਫ਼ਰਾਰ ਹੋ ਗਿਆ ਪਰ ਪੁਲਸ ਟੀਮ ਨੇ ਨੇੜੇ ਦੇ ਜੰਗਲੀ ਇਲਾਕੇ 'ਚੋਂ ਉਸ ਨੂੰ ਕਾਬੂ ਕਰ ਕੇ ਅਦਾਲਤ 'ਚ ਪੇਸ਼ ਕਰਕੇ ਬਾਲ ਸੁਧਾਰ ਘਰ ਵਿਖੇ ਭੇਜ ਦਿੱਤਾ ਹੈ। ਮ੍ਰਿਤਕ ਲੜਕੇ ਦੀ ਪਛਾਣ 14 ਸਾਲ ਦੇ ਨੈਤਿਕ ਉਰਫ਼ ਅੰਨੀ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਦੀਪ ਕੰਪਲੈਕਸ 'ਚ ਖੇਡਦੇ ਹੋਏ ਦੋ ਲੜਕਿਆਂ ਦਾ ਆਪੋ ਵਿੱਚ ਝਗੜਾ ਹੋ ਗਿਆ ਸੀ ਤੇ ਇਸ ਦੌਰਾਨ ਦੋਵੇਂ ਇੱਕ ਦੂਜੇ ਨਾਲ ਹੱਥੋਪਾਈ ਹੋਏ ਸਨ। ਜਦ ਲੜਕੇ ਦੋਬਾਰਾ ਮਿਲੇ ਤਾਂ ਵਾਰਦਾਤ ਵਾਲਾ ਨਾਬਾਲਗ ਲੜਕਾ ਪਹਿਲਾਂ ਹੀ ਘਰ ਤੋਂ ਸਬਜ਼ੀ ਕੱਟਣ ਵਾਲਾ ਚਾਕੂ ਨਾਲ ਲੈ ਕੇ ਆਇਆ ਸੀ। ਪੁਰਾਣੀ ਗੱਲ ਬਾਰੇ ਦੁਬਾਰਾ ਬਹਿਸ ਹੋਈ ਤਾਂ ਨਾਬਾਲਗ ਲੜਕੇ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਨੈਤਿਕ ਦੀ ਪਿੱਠ ਵਿੱਚ ਚਾਕੂ ਮਾਰ ਦਿੱਤਾ।

## ਕੈਮੀਕਲ ਪੈਣ ਕਾਰਨ ਫੈਕਟਰੀ ਮੁਲਾਜ਼ਮ ਦੀ ਮੌਤ

ਸਨੌਰ (ਪਟਿਆਲਾ), 26 ਅਗਸਤ (ਪੋਸਟ ਬਿਊਰੋ)- ਪਿੰਡ ਕਾਠਗੜ੍ਹ ਵਿੱਚ ਕੈਮੀਕਲ ਪਲਾਂਟ (ਫੈਕਟਰੀ) ਵਿੱਚ ਕੰਮ ਕਰਦੇ ਇੱਕ ਮੁਲਾਜ਼ਮ ਦੀ ਕੱਲ੍ਹ ਮੂੰਹ 'ਤੇ ਕੈਮੀਕਲ ਪੈਣ ਨਾਲ ਮੌਤ ਹੋ ਗਈ। ਭਾਵੇਂ ਹਾਲੇ ਮੁਕੰਮਲ ਜਾਂਚ ਕੀਤੀ ਜਾਣੀ ਬਾਕੀ ਹੈ, ਪਰ ਪਤਾ ਲੱਗਾ ਹੈ ਕਿ ਇਹ ਹਾਦਸਾ ਢੋਲ 'ਚੋਂ ਕੈਮੀਕਲ ਦੀ ਪਾਈਪ ਨਿਕਲਣ 'ਤੇ ਵਾਪਰਿਆ। ਇਸ ਦੌਰਾਨ ਸੋਹਣ ਦਾਸ ਨਾਂਅ ਦੇ ਮੁਲਾਜ਼ਮ ਦੇ ਮੂੰਹ 'ਤੇ ਕੈਮੀਕਲ ਪੈ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ, ਪਰ ਇਥੇ ਉਸ ਦੀ ਮੌਤ ਹੋ ਗਈ। ਉਹ ਸਲੇਮਪੁਰ ਬ੍ਰਾਹਮਣਾਂ ਦਾ ਰਹਿਣ ਵਾਲਾ ਸੀ। ਹਾਦਸੇ ਦਾ ਪਤਾ ਲੱਗਣ 'ਤੇ ਪਟਿਆਲਾ ਦੇ ਡੀ ਐਸ ਪੀ (ਰੂਰਲ) ਅਜੈਪਾਲ ਸਿੰਘ ਦੀ ਅਗਵਾਈ ਹੇਠ ਪੁਲਸ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਥਾਣਾ ਸਦਰ ਪਟਿਆਲਾ ਦੇ ਐਸ ਐਚ ਓ ਪਰਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੇਸ ਬਾਰੇ ਮ੍ਰਿਤਕ ਵਰਕਰ ਦੀ ਪਤਨੀ ਹਰਪ੍ਰੀਤ ਕੌਰ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਦੇ ਆਧਾਰ 'ਤੇ ਥਾਣਾ ਸਦਰ ਪਟਿਆਲਾ ਵਿੱਚ ਫੈਕਟਰੀ ਮਾਲਕ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

ਯੂ ਐਨ ਮੀਟਿੰਗ ’ਚ ਭਾਰਤ ਨੇ ਕਿਹਾ:

# ਸਰਹੱਦ ਪਾਰੋਂ ਦਹਿਸ਼ਤਗਰਦੀ ਦਾ ਵੱਡਾ ਸਰਪ੍ਰਸਤ ਹੈ ਪਾਕਿਸਤਾਨ

ਯੂ ਐਨ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂ ਯੂ ਐਨ ਵਿੱਚ ਕੀਤੇ ਇਸ ਫਰਜ਼ੀ ਦਾਅਵੇ ਕਿ ਉਹ ਕਈ ਦਹਾਕਿਆਂ ਤੋਂਸਰਹੱਦ ਪਾਰੋਂ ਦਹਿਸ਼ਤਗਰਦੀ ਦਾ ਨਿਸ਼ਾਨਾ ਬਣਦਾ ਆਇਆ ਹੈ, ਕਾਰਨ ਇਸ ਨੂੰ ਲੰਮੇ ਹੱਥੀਂ ਲੈਂਦਿਆਂ ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਇੱਕ ਹੋਰ ਝੂਠ ਫੜਿਆ ਗਿਆ ਹੈ।



ਭਾਰਤ ਨੇ ਕਿਹਾ ਕਿ ਪਾਕਿ ਸਰਹੱਦ ਪਾਰੋਂ ਹੁੰਦੀ ਦਹਿਸ਼ਤਗਰਦੀ ਦਾ ਸਭ ਤੋਂ ਵੱਡਾ ਸਰਪ੍ਰਸਤ ਹੈ ਅਤੇ ਅੱਜ ਉਹ ਆਪਣੇ ਆਪ ਨੂੰ ਅੱਤਵਾਦ ਦਾ ਪੀੜਤ ਦੱਸਣ ਦਾ ਵਿਖਾਵਾ ਕਰਦਾ ਹੈ। ਯੂ ਐਨ ਵਿੱਚ ਭਾਰਤ ਦੇ ਸਥਾਈ ਮਿਸ਼ਨ ਨੇ ਕਿਹਾ ਕਿ ਝੂਠ ਨੂੰ ਸੌ ਵਾਰ ਬੋਲਣ ਨਾਲ ਉਹ ਸੱਚ ਨਹੀਂ ਬਣ ਜਾਂਦਾ। ਉਨ੍ਹਾਂ ਕਿਹਾ, ‘ਸਰਹੱਦ ਪਾਰੋਂ ਦਹਿਸ਼ਤਵਾਦ ਦਾ ਸਭ ਤੋਂ ਵੱਡਾ ਸਰਪ੍ਰਸਤ ਆਪਣੇ ਆਪ ਨੂੰ ਅੱਤਵਾਦ ਦਾ ਪੀੜਤ ਦੱਸ ਕੇ ਵਿਖਾਵੇ ਦੇ ਮੁਖੌਟੇ ਪਿੱਛੇ ਲੁਕਣ ਦਾ ਯਤਨ ਕਰ ਰਿਹਾ ਹੈ।’ ਵਰਨਣ ਯੋਗ ਹੈ ਕਿ ਪਾਕਿਸਤਾਨੀ ਮਿਸ਼ਨ ਨੇ ਦਾਅਵਾ ਕੀਤਾ ਸੀ ਕਿ ਯੂ ਐਨ ਵਿਚ ਉਹਦੇ ਦੂਤ ਮੁਨੀਰ ਅਕਰਮ ਨੇ ਸੁਰੱਖਿਆ ਕੌਂਸਲ ਵਿੱਚ ਸੰਸਾਰ ਸ਼ਾਂਤੀ ਨੂੰ ਖਤਰਿਆਂ ਤੇ ਦਹਿਸ਼ਤਵਾਦ ਤੋਂ ਸੁਰੱਖਿਆ ਚੁਣੌਤੀ ਸਬੰਧੀ ਰਿਪੋਰਟ ’ਤੇ ਚਰਚਾ ਦੌਰਾਨ ਇੱਕ ਬਿਆਨ ਦਿੱਤਾ ਸੀ। ਇਸ ਮੀਟਿੰਗ ਵਿੱਚ ਕੌਂਸਲ ਦੇ ਗੈਰ ਮੈਂਬਰਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਸੀ।

ਦੂਸਰੇ ਪਾਸੇ ਯੂ ਐਨ ਦੇ ਜਰਮਨ ਮਿਸ਼ਨ ਵੱਲੋਂ ਮੀਟਿੰਗ ਦੀ ਟਵੀਟ ਕੀਤੀ ਤਸਵੀਰ ਵਿੱਚ ਸੁਰੱਖਿਆ ਕੌਂਸਲ ਦੇ 15 ਮੈਂਬਰ ਦੇਸ਼ਾਂ ਦੇ ਨੁਮਾਇੰਦੇ ਹੀ ਨਜ਼ਰ ਆ ਰਹੇ ਹਨ। ਪਾਕਿਸਤਾਨ ਕੌਂਸਲ ਦਾ ਮੈਂਬਰ ਨਹੀਂ। ਭਾਰਤੀ ਮਿਸ਼ਨ ਨੇ ਇੱਕ ਟਵੀਟ ਵਿੱਚ ਕਿਹਾ, ਸਾਨੂੰ ਇਹ ਸਮਝ ਨਹੀਂ ਆਈ ਕਿ ਪਾਕਿਸਤਾਨ ਦੇ ਪੱਕੇ ਨੁਮਾਇੰਦੇ ਨੇ ਇਹ ਬਿਆਨ ਕਦੋਂ ਦਿੱਤਾ, ਸੁਰੱਖਿਆ ਕੌਂਸਲ ਮੀਟਿੰਗ ਵਿਚ ਗੈਰ ਮੈਂਬਰਾਂ ਨੂੰ ਦਾਖਲੇ ਦੀ ਇਜਾਜ਼ਤ ਹੀ ਨਹੀਂ। ਪਾਕਿਸਤਾਨ ਦਾ ਝੂਠ ਫਿਰ ਫੜਿਆ ਗਿਆ ਹੈ। ਇਸ ਨਾਲ ਬਾਕੀ ਦੇਸ਼ਾਂ ਸਾਹਮਣੇ ਪਾਕਿਸਤਾਨ ਦੀ ਸਥਿਤੀ ਹਾਸੋਹੀਣੀ ਹੋ ਗਈ ਹੈ।


## ਪੁਲਵਾਮਾ ਹਮਲਾ ਕੇਸ ਦੇ ਦੋਸ਼ ਪੱਤਰ ਵਿੱਚ ਮਸੂਦ ਸਣੇ 19 ਸ਼ਾਮਲ

ਜੰਮੂ, 26 ਅਗਸਤ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਦੱਖਣੀ ਕਸ਼ਮੀਰ ਵਿੱਚ ਪਿਛਲੇ ਸਾਲ ਸੀ ਆਰ ਪੀ ਐਫ ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਦਹਿਸ਼ਤੀ ਹਮਲੇ, ਜਿਸ ਵਿੱਚ ਚਾਲੀ ਸੁਰੱਖਿਆ ਮੁਲਾਜ਼ਮਾਂ ਦੀ ਮੌਤ ਹੋ ਗਈ ਸੀ, ਦੀ ਜਾਂਚ ਨੂੰ ਮੁਕੰਮਲ ਕਰਦਿਆਂ ਇਥੋਂ ਦੀ ਵਿਸ਼ੇਸ਼ ਅਦਾਲਤ ਵਿੱਚ ਦੋਸ਼ ਪੱਤਰ ਦਾਖਲ ਕਰ ਦਿੱਤਾ ਹੈ। ਇਸ ਵਿੱਚ ਇਸ ਹਮਲੇ ਦੀ ਯੋਜਨਾ ਲਈ ਦਹਿਸ਼ਤਗਰਦ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਸਮੇਤ 19 ਵਿਅਕਤੀਆਂ ਦੇ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਇਸ ਵਿੱਚ ਲੋੜੀਂਦੇ ਸੱਤ ਮੁਲਜ਼ਮ ਪਿਛਲੇ ਸਾਲ ਵਾਦੀ ਵਿੱਚ ਹੋਏ ਵੱਖ-ਵੱਖ ਮੁਕਾ-ਬਲਿਆਂ ਦੌਰਾਨ ਮਾਰੇ ਜਾ ਚੁੱਕੇ ਹਨ। ਐਨ ਆਈ ਏ ਦੇ ਡਾਇਰੈਕਟਰ ਅਨਿਲ ਸ਼ੁਕਲਾ ਦੀ ਅਗਵਾਈ ਵਾਲੀ ਟੀਮ ਨੇ ਜਾਂਚ ਦੌਰਾਨ ਇਸ ਅੰਨ੍ਹੇ ਕੇਸ ਵਿੱਚ ਜਿੱਥੇ ਸਬੂਤ ਇਕੱਠੇ ਕੀਤੇ, ਉਥੇ ਵੱਖ-ਵੱਖ ਕੇਸਾਂ ਵਿੱਚ ਗ੍ਰਿਫਤਾਰ ਦਹਿਸ਼ਤਗਰਦਾਂ ਤੇ ਉਨ੍ਹਾਂ ਦੇ ਹਮਾਇਤੀਆਂ ਦੇ ਬਿਆਨ ਦਰਜ ਕੀਤੇ ਤੇ ਇਸ ਹਮਲੇ ਦੀ ਸਾਜ਼ਿਸ਼ ਤੋਂ ਪਰਦਾ ਚੁੱਕਿਆ ਸੀ। ਕੁੱਲ 13500 ਸਫਿਆਂ ਦੀ ਚਾਰਜਸ਼ੀਟ ਵਿੱਚ ਮਸੂਦ ਅਜ਼ਹਰ, ਉਸ ਦੇ ਭਰਾ ਅਬਦੁਲ ਰਾਊਫ਼ ਅਤੇ ਅੱਮਾਰ ਅਲਵੀ, ਉਸ ਦੇ ਭਤੀਜੇ ਮੁਹੰਮਦ ਉਮਰ ਫਾਰੂਕ ਦੇ ਨਾਂਅ ਸ਼ਾਮਲ ਹਨ। ਫਾਰੂਕ ਸਾਲ 2018 ਵਿੱਚ ਭਾਰਤ ਵਿੱਚ ਦਾਖਲ ਹੋਇਆ ਅਤੇ ਦੱਖਣੀ ਕਸ਼ਮੀਰ ਵਿੱਚ ਮੁਕਾਬਲੇ ਦੌਰਾਨ ਮਾਰਿਆ ਗਿਆ ਸੀ।

# ਕੁਰੈਸ਼ੀ ਦਾ ਕੁਰਸੀ-ਟਰਨ; ਪਾਕਿ ਵਿਦੇਸ਼ ਮੰਤਰੀ ਕਸ਼ਮੀਰ ਸਬੰਧੀ ਸਾਊਦੀ ਅਰਬ ਨੂੰ ਧਮਕੀ ਦੇ ਕੇ ਪਲਟ ਗਿਆ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਸਾਊਦੀ ਅਰਬ ਅਤੇ ਇਸਲਾਮੀ ਸਹਿਯੋਗੀ ਸੰਗਠਨ (ਓ ਆਈ ਸੀ) ਨੂੰ ਕਸ਼ਮੀਰ ਬਾਰੇ ਧਮਕੀ ਦੇਣ ਵਾਲੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਆਪਣੇ ਬਿਆਨ ਤੋ ਪਲਟ ਗਏ ਹਨ। ਕੁਰੈਸ਼ੀ ਨੇ ਕਿਹਾ ਕਿ ਸਾਊਦੀ ਅਰਬ ਤੇ ਪਾਕਿਸਤਾਨ ਵਿਚਾਲੇ ਦਿਲਾਂ ਦਾ ਰਿਸ਼ਤਾ ਹੈ। ਉਨ੍ਹਾਂ ਨੇ ਸਾਊਦੀ ਅਰਬ ਵੱਲੋਂ ਆਪਣੇ ਤਿੰਨ ਅਰਬ ਡਾਲਰ ਵਾਪਸ ਮੰਗਣ ਨੂੰ ਵੀ ਮੀਡੀਆ ਦੀਆਂ ਅਟਕਲਾਂ ਦੱਸ ਕੇ ਰੱਦ ਕੀਤਾ ਹੈ।

ਵਿਦੇਸ਼ ਮੰਤਰੀ ਕੁਰੈਸ਼ੀ ਵਿੱਚ ਇਹ ਬਦਲਾਅ ਪਾਕਿਸਤਾਨੀ ਫੌਜ ਦੇ ਦਬਾਅ ਦਾ ਅਸਰ ਦੱਸਿਆ ਜਾਂਦਾ ਹੈ। ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਸਾਊਦੀ ਅਰਬ ਤੋਂ ਖਾਲੀ ਹੱਥ ਪਰਤਣ ਪਿੱਛੋਂ ਕੁਰੈਸ਼ੀ ਦਾ ਇਹ ਨਵਾਂ ਬਿਆਨ ਆਇਆ ਹੈ। ਕੁਰੈਸ਼ੀ ਨੇ ਦਾਅਵਾ ਕੀਤਾ ਕਿ ਸਾਊਦੀ ਅਰਬ ਨਾਲ ਉਨ੍ਹਾਂ ਦੇ ਸਬੰਧ ਪਹਿਲਾਂ ਵਰਗੇ ਮਜ਼ਬੂਤ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਸ਼ਮੀਰ ਮੁਦੇ ’ਤੇ ਸਾਊਦੀ ਅਰਬ ਦੇ ਰੁਖ਼ ’ਚ ਕੋਈ ਬਦਲਾਅ ਨਹੀਂ ਆਇਆ।



ਵਰਨਣ ਯੋਗ ਹੈ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਪਿਛਲੇ ਦਿਨੀਂ ਆਪਣੇ ਪੁਰਾਣੇ ਮਿੱਤਰ ਸਾਊਦੀ ਅਰਬ ਨੂੰ ਧਮਕੀ ਦੇਂਦਿਆਂ ਕਿਹਾ ਸੀ ਕਿ ਓ ਆਈ ਸੀ ਕਸ਼ਮੀਰ ਬਾਰੇ ਆਪਣੇ ਵਿਦੇਸ਼ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਬੁਲਾਉਣ ’ਚ ਨਾ-ਨੁੱਕਰ ਬੰਦ ਕਰੇ। ਉਨ੍ਹਾਂ ਕਿਹਾ ਕਿ ਮੈਂ ਇੱਕ ਵਾਰ ਫਿਰ ਪੂਰੇ ਸਨਮਾਨ ਨਾਲ ਓ ਆਈ ਸੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਿਦੇਸ਼ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਸਾਡੀ ਉਮੀਦ ਹੈ। ਜੇ ਤੁਸੀਂ ਇਸ ਨੂੰ ਬੁਲਾ ਨਹੀਂ ਸਕਦੇ ਤਾਂ ਮੈਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋਵਾਂਗਾ ਕਿ ਉਹ ਉਨ੍ਹਾਂ ਇਸਲਾਮਿਕ ਦੇਸ਼ਾਂ ਦੀ ਮੀਟਿੰਗ ਬੁਲਾਉਣ ਜੋ ਕਸ਼ਮੀਰ ਦੇ ਮੁੱਦੇ ’ਤੇ ਸਾਡੇ ਨਾਲ ਖੜੇ ਹੋਣ ਲਈ ਤਿਆਰ ਹਨ। ਦੂਜੇ ਪਾਸੇ ਪਾਕਿਸਤਾਨ ਦੇ ਪੱਤਰਕਾਰਾਂ ਰਾਊਫ ਕਾਲਸਰਾ ਅਤੇ ਅਮੀਰ ਮਤੇਨ ਨੇ ਸਾਊਦੀ ਅਰਬ ਬਾਰੇ ਸ਼ਾਹ ਮਹਿਮੂਦ ਕੁਰੈਸ਼ੀ ਦੇ ਬਿਆਨ ਨੂੰ ਇੱਕ ਵੱਡਾ ਯੂ-ਟਰਨ ਦੱਸਿਆ ਤੁ ਕਿਹਾ ਕਿ ਕੁਰੈਸ਼ੀ ਨੇ ਚੀਨ ਤੋਂ ਪਰਤਣ ਪਿੱਛੋਂ ਆਪਣੇ ਲਹਿਜ਼ੇ ਅਤੇ ਨੁਕਤੇ ਨੂੰ ਸਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਸ਼ਾਹ ਮਹਿਮੂਦ ਕੁਰੈਸ਼ੀ ਦੀ ਤਾਜ਼ਾ ਟਿੱਪਣੀ ਸਹੀ ਹੈ, ਤਾਂ ਉਨ੍ਹਾਂ ਦਾ ਪਹਿਲਾਂ ਬਿਆਨ ਹਾਸੋਹੀਣਾ ਸੀ। ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਟਿਕ-ਟਾਕ ਵੱਲੋਂ ਲੈਣ-ਦੇਣ ਉੱਤੇ ਪਾਬੰਦੀ ਦੇ ਮੁੱਦੇ ਤੋਂ ਟਰੰਪ ਦੇ ਵਿਰੁੱਧ ਕੇਸ ਦਾਇਰ

ਵਾਸ਼ਿੰਗਟਨ, 26 ਅਗਸਤ (ਪੋਸਟ ਬਿਊਰੋ)- ਚੀਨ ਦੇ ਵਿਵਾਦ ਪੂਰਨ ਮੋਬਾਈਲ ਐਪ ਟਿਕ ਟਾਕ ਨੇ ਆਪਣੀ ਕੰਪਨੀ ਬਾਈਟਡਾਂਸ ਦੇ ਨਾਲ ਲੈਣ-ਦੇਣ ’ਤੇ ਪਾਬੰਦੀ ਲਾਉਣ ਵਾਲੇ ਡੋਨਾਲਡ ਟਰੰਪ ਸਰਕਾਰ ਦੇ ਕਾਰਜਕਾਰੀ ਹੁਕਮਾਂ ਵਿਰੁੱਧ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਕੰਪਨੀ ਨੇ ਬੀਤੇ ਸੋਮਵਾਰ ਇਸ ਬਾਰੇ ਟਰੰਪ ਸਰਕਾਰ ਦੇ ਕਾਰਜਕਾਰੀ ਹੁਕਮਾਂ ਦੇ ਵਿਰੁੱਧ ਮੁਕ-ੱਦਮਾ ਦਰਜ ਕਰਵਾਇਆ ਹੈ।



ਟਿਕ ਟਾਕ ਨੇ 39 ਸਫਿਆਂ ਦੇ ਕੇਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਵਪਾਰ ਮੰਤਰੀ ਵਿਲਬੁਰ ਰੌਸ ਅਤੇ ਅਮਰੀਕਾ ਦੇ ਵਪਾਰ ਮੰਤਰਾਲੇ ਨੂੰ ਇਸ ਕੇਸ ਦੀ ਧਿਰ ਵਜੋਂ ਸੂਚੀਬੱਧ ਕੀਤਾ ਹੈ। ਟਿਕ ਟਾਕ ਦੇ ਮੁਤਾਬਕ ਅਮਰੀਕੀ ਪ੍ਰਸ਼ਾਸਨ ਨੇ ਬਿਨਾਂ ਕਿਸੇ ਸਬੂਤ ਦੇ ਉਸ ਦੇ ਖਿਲਾਫ ਇੰਨੀ ਸਖਤ ਕਾਰਵਾਈ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਇਹ ਕਾਰਜਕਾਰੀ ਹੁਕਮ ਅੰਤਰਰਾਸ਼ਟਰੀ ਹੰਗਾਮੀ ਆਰਥਿਕ ਸ਼ਕਤੀ ਐਕਟ (ਆਈ ਈ ਈ ਪੀ ਏ) ਦੀ ਉਲੰਘਣਾ ਹੈ। ਕੰਪਨੀ ਨੇ ਅਮਰੀਕੀ ਰਾਸ਼ਟਰਪਤੀ ’ਤੇ ਦੋਸ਼ ਲਾਇਆ ਹੈ ਕਿ ਇਹ ਕਾਰਜਕਾਰੀ ਹੁਕਮ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਦੇ ਮੱਦੇਨਜ਼ਰ ਨਹੀਂ, ਬਲਕਿ ਸਿਆਸੀ ਕਾਰਨਾਂ ਕਰ ਕੇ ਜਾਰੀ ਕੀਤਾ ਗਿਆ ਹੈ। ਕੰਪਨੀ ਦੇ ਮੁਤਾਬਕ ਇਹ ਕਾਰਜਕਾਰੀ ਹੁਕਮ ਅਸੰਵਿਧਾਨਕ ਅਤੇ ਗੈਰ-ਕਾਨੂੰਨੀ ਦੋਵੇਂ ਹੀ ਹਨ।

ਵਾਹ ਕਯਾ ਦੇਸ਼ ਭਗਤੀ ਹੈ :

## ਪਾਕਿ ਦੇ ਸਾਬਕਾ ਰਾਜਦੂਤ ਨੇ ਬਿਨਾਂ ਪੁੱਛੇ ਦੂਤਘਰ ਹੀ ਵੇਚ ਦਿੱਤਾ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਨੇਤਾ ਅਤੇ ਅਧਿਕਾਰੀ ਜੋ ਵੀ ਕਰਨ, ਉਸ ’ਤੇ ਹੈਰਾਨੀ ਨਹੀਂ ਹੋਣੀ ਚਾਹੀਦੀ। ਅਜਿਹੇ ਇੱਕ ਮਾਮਲੇ ’ਚ ਇੰਡੋਨੇਸ਼ੀਆ ’ਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਨੇ ਦੇਸ਼ ਦੇ ਦੂਤਘਰ ਦੀ ਇਮਾਰਤ ਬਿਨਾਂ ਪੁੱਛੇ ਹੀ ਵੇਚ ਦਿੱਤੀ ਸੀ।



ਇਹ ਖੁਲਾਸਾ ਨੈਸ਼ਨਲ ਅਕਾਊਂਟੇਬਿਲਿਟੀ ਬਿਊਰੋ (ਐਨ ਏ ਬੀ) ਦੀ ਜਾਂਚ ਰਿਪੋਰਟ ’ਚ ਹੋਇਆ ਹੈ। ਐਨ ਏ ਬੀ ਨੇ ਸੇਵਾਮੁਕਤ ਮੇਜਰ ਜਰਨਲ ਸਈਅਦ ਮੁਸਤਫਾ ਅਨਵਰ ਦੇ ਖ਼ਿਲਾਫ਼ ਅਦਾਲਤ ’ਚ ਸਬੂਤ ਸਮੇਤ ਕੇਸ ਦਾਇਰ ਕਰ ਦਿੱਤਾ ਹੈ। ਅਦਾਲਤ ’ਚ ਪੇਸ਼ ਅਰਜ਼ੀ ’ਚ ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਸੰਸਥਾ ਨੇ ਕਿਹਾ ਕਿ ਇਸ ਨਾਜਾਇਜ਼ ਸੌਦੇ ਨਾਲ ਪਾਕਿਸਤਾਨੀ ਖਜ਼ਾਨੇ ਨੂੰ ਲੱਗਭਗ 1.32 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਇਹ ਇਮਾਰਤ 2001-2002 ਦੌਰਾਨ ਜਕਾਰਤਾ ’ਚ ਵੇਚੀ ਗਈ। ਪਤਾ ਲੱਗਾ ਹੈ ਕਿ ਇੰਡੋਨੇਸ਼ੀਆ ’ਚ ਰਾਜਦੂਤ ਨਿਯੁਕਤ ਹੁੰਦੇ ਸਾਰ ਮੁਸਤਫਾ ਨੇ ਦੂਤਘਰ ਦੀ ਇਮਾਰਤ ਨੂੰ ਵੇਚਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਇਸ ਦੇ ਲਈ ਪਾਕਿਸਤਾਨੀ ਵਿਦੇਸ਼ ਮੰਤਰਾਲਾ ਤੋਂ ਪੁੱਛੇ ਬਿਨਾਂ ਇੰਡੋਨੇਸ਼ੀਆ ਦੀਆਂ ਅਖ਼ਬਾਰਾਂ ’ਚ ਇਸ਼ਤਿਹਾਰ ਦਿੱਤੇ ਗਏ। ਜਦੋਂ ਸੌਦਾ ਹੋ ਗਿਆ ਤਾਂ ਉਸ ਦੀ ਸੂਚਨਾ ਦੇਣ ਲਈ ਮੁਸਤਫਾ ਨੇ ਪਾਕਿਸਤਾਨੀ ਵਿਦੇਸ਼ ਮੰਤਰਾਲਾ ਨੂੰ ਪੱਤਰ ਲਿਖਿਆ। ਵਿਦੇਸ਼ ਮੰਤਰਾਲਾ ਨੇ ਇਸ ਨਾਜਾਇਜ਼ ਸੌਦੇ ਲਈ ਰਾਜਦੂਤ ਤੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੇ ਕਈ ਵਾਰ ਪੁੱਛੇ ਜਾਣ ਤੋਂ ਬਾਅਦ ਵੀ ਤਸੱਲੀ ਬਖ਼ਸ਼ ਜਵਾਬ ਨਹੀਂ ਦਿੱਤਾ।





FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600


80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਜਿਵੇਂ ਵਧੇਰੇ ਕਾਰੋਬਾਰ ਅਤੇ ਸੇਵਾਵਾਂ ਮੁੜ ਕੇ ਖੁੱਲਦੀਆਂ ਹਨ, ਸਾਡੇ ਸਾਰਿਆਂ ਲਈ ਇੱਕ ਦੂਸਰੇ ਦੀ ਰੱਖਿਆ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਜ਼ਰੂਰੀ ਹੈ।





**ਸਰੀਰਕ ਦੂਰੀ ਰੱਖਣ ਤੇ ਅਮਲ ਕਰਨਾ ਜਾਰੀ ਰੱਖੋ,** ਇਕੱਠਾਂ ਵਿੱਚ ਵੀ ਦੋ ਮੀਟਰ ਦੂਰ ਰਹੋ।



ਜਿਥੇ ਸਰੀਰਕ ਦੂਰੀ ਰੱਖਣਾ ਚੁਣੌਤੀ ਹੋਵੇ ਅਤੇ ਜਿਥੇ ਲੋੜ ਹੋਵੇ, ਓਥੇ **ਚਿਹਰੇ ਨੂੰ ਢਕਣ ਲਈ ਕੋਈ ਕਵਰ ਪਹਿਨੋ।**



ਆਪਣੇ ਹੱਥਾਂ ਨੂੰ **ਬਾਰ-ਬਾਰ ਧੋਣਾ ਜਾਰੀ ਰੱਖੋ।**



ਜੇ ਤੁਸੀਂ ਚਿੰਤਤ ਹੋ ਕਿ ਤੁਹਾਨੂੰ COVID-19 ਹੋਇਆ ਹੋ ਸਕਦਾ ਹੈ, ਜਾਂ ਤੁਹਾਡਾ ਵਾਇਰਸ ਨਾਲ ਸੰਪਰਕ ਹੋਇਆ ਹੋ ਸਕਦਾ ਹੈ ਤਾਂ ਟੈਸਟ ਕਰਵਾਓ।

## ਅੰਦਰ ਜਾਂ ਬਾਹਰ, ਸੁਰੱਖਿਅਤ ਰਹੋ। ਜ਼ਿੰਦਗੀਆਂ ਬਚਾਓ।

**ontario.ca/coronavirus ਦੇਖੋ**

ਓਨਟੈਰੀਓ ਸਰਕਾਰ ਦੁਆਰਾ ਭੁਗਤਾਨ ਕੀਤਾ ਗਿਆ।

Ontario

